# ਸੱਬਤ

ਓਵਨ ਡੀ. ਆਲਬ੍ਰਟ

''ਸੱਬਤ'' ਸ਼ਬਦ ਇਬਰਾਨੀ ਭਾਸ਼ਾ ਦੇ *Shabbath* ਅਤੇ ਯੂਨਾਨੀ ਭਾਸ਼ਾ ਦੇ *sabbaton* ਸ਼ਬਦ ਤੋਂ ਲਿਆ ਗਿਆ ਹੈ, ਜਿਸ ਦਾ ਅਰਥ ਹੈ, ''ਬੰਦ ਕਰਨਾ, ਰੁਕਣਾ, ਅਤੇ ਅਰਾਮ ਕਰਨਾ।'' ''ਸੱਬਤ'' ਮੂਸਾ ਦੇ ਸਮੇਂ ਤੋਂ ਇਸਰਾਏਲੀਆਂ ਵੱਲੋਂ ਮਨਾਏ ਜਾਣ ਵਾਲੇ ਅਰਾਮ ਦੇ ਖ਼ਾਸ ਦਿਨਾਂ ਨੂੰ ਕਿਹਾ ਜਾਂਦਾ ਸੀ। ਹਰ ਹਫ਼ਤੇ ਆਉਣ ਵਾਲੇ ਸੱਬਤ ਵਿਚ ਸਾਡੇ ਸਮੇਂ ਅਨੁਸਾਰ ਸ਼ੁੱਕਰਵਾਰ ਸ਼ਾਮ 6:00 ਵਜੇ ਤੋਂ ਸਨਿੱਚਰਵਾਰ ਸ਼ਾਮ 6:00 ਵਜੇ ਤਕ ਅਰਾਮ ਕਰਨਾ ਜ਼ਰੂਰੀ ਹੁੰਦਾ ਸੀ। ''ਸੱਬਤ'' ਸ਼ਬਦ ਪਹਿਲੀ ਵਾਰ ਕੂਚ 16:23 ਵਿਚ ਮਿਲਦਾ ਹੈ, ਪਰ ਉਤਪਤ ਵਿਚ ਇਸ ਦੀ ਵਰਤੋਂ ਕਿਸੇ ਵੀ ਤਰ੍ਹਾਂ ਸਤਵੇਂ ਦਿਨ ਦੇ ਅਰਾਮ ਦੇ ਸਬੰਧ ਵਿਚ ਨਹੀਂ ਕੀਤੀ ਗਈ।

ਯਹੂਦੀ ਲੋਕ ਨਾ ਹਫ਼ਤੇਵਾਰ ਸੱਬਤ ਹੀ ਨਹੀਂ ਮਨਾਉਂਦੇ ਸਨ ਸਗੋਂ ਉਹ ਖ਼ਾਸ ਸੱਬਤ, ਜਿਵੇਂ ਪਛਤਾਵੇ ਦਾ ਦਿਨ (ਲੇਵੀਆਂ 16:29-31; 23:27-32) ਮਨਾਉਂਦੇ ਸਨ, ਅਤੇ ਉਨ੍ਹਾਂ ਨੂੰ ਹਰ ਸਤਵਾਂ ਸਾਲ ਸੱਬਤ ਦੇ ਰੂਪ ਵਿਚ ਮਨਾਉਣ ਦਾ ਹੁਕਮ ਸੀ (ਕੂਚ 23:10, 11; ਲੇਵੀਆਂ 25:1-7; ਵਿਵਸਥਾਸਾਰ 15:1-11)। ਹੋਰਨਾਂ ਮੌਕਿਆਂ ਨੂੰ ਸੱਬਤ ਦੇ ਦਿਨ ਤਾਂ ਨਹੀਂ ਆਖਿਆ ਜਾਂਦਾ ਸੀ, ਪਰ ਉਨ੍ਹਾਂ ਨੂੰ ਕੰਮ ਨਾ ਕਰਨ ਦੇ ਹੁਕਮ ਨਾਲ ਹੀ, ਪਸਾਹ ਦੇ ਪਹਿਲੇ ਅਤੇ ਸਤਵੇਂ ਦਿਨ (ਗਿਣਤੀ 28:18); ਹਫ਼ਤਿਆਂ ਦੇ ਪਰਬ ਦੇ ਪਹਿਲੇ ਦਿਨ, ਜਿਸ ਨੂੰ ਵਾਢੀ ਅਤੇ ਪੈਂਟੀਕਾਸਟ ਦਾ ਦਿਨ ਵੀ ਕਿਹਾ ਜਾਂਦਾ ਸੀ (ਲੇਵੀਆਂ 23:21; ਗਿਣਤੀ 28:26); ਤੁਰ੍ਹੀਆਂ ਦੇ ਪਰਬ ਦੌਰਾਨ (ਲੇਵੀਆਂ 23:24, 25; ਗਿਣਤੀ 29:1, 7, 12, 35); ਅਤੇ ਡੇਰਿਆਂ ਦੇ ਪਰਬ ਦੌਰਾਨ (ਲੇਵੀਆਂ 23:35, 36) ਵੱਖ ਕੀਤਾ ਜਾਂਦਾ ਸੀ।

ਉਤਪਤ 2:3 ਵਿਚ ਹੀ ਸਤਵੇਂ ਦਿਨ ਦੇ ਅਰਾਮ ਦੀ ਗੱਲ ਮਿਲਦੀ ਹੈ: ''ਪਰਮੇਸ਼ੁਰ ਨੇ ਸਤਵੇਂ ਦਿਨ ਨੂੰ ਅਸੀਸ ਦਿੱਤੀ ਅਤੇ ਉਹ ਨੂੰ ਇਸ ਲਈ ਪਵਿੱਤਰ ਠਹਿਰਾਇਆ ਜੋ ਉਸੇ ਦਿਨ ਆਪਣੇ ਕਾਰਜ ਤੋਂ ਜਿਹੜਾ ਪਰਮੇਸ਼ੁਰ ਨੇ ਉਤਪਤ ਕਰਕੇ ਬਣਾਇਆ ਸੀ ਉਹ ਵਿਹਲਾ ਹੋ ਗਿਆ।'' ਖ਼ੁਦਾ ਦੇ ਲੋਕਾਂ ਲਈ ਸੱਬਤ ਦੇ ਦਿਨ ਦਾ ਹੁਕਮ ਕਈ ਸਾਲਾਂ ਬਾਅਦ ਦਿੱਤਾ ਗਿਆ ਸੀ। ਨਹਮਯਾਹ ਨੇ ਆਖਿਆ ਸੀ:

> ਅਤੇ ਸੀਨਈ ਪਹਾੜ ਉੱਤੇ ਉੱਤਰਿਆ ਅਤੇ ਅਕਾਸ਼ ਵਿੱਚੋਂ ਉਨ੍ਹਾਂ ਨਾਲ ਗੱਲਾਂ ਕੀਤੀਆਂ ਅਤੇ ਸਿੱਧੇ ਨਿਆਉਂ, ਸੱਚੀਆਂ ਵਿਵਸਥਾ ਅਰ ਚੰਗੀਆਂ ਵਿਧੀਆਂ ਅਤੇ ਹੁਕਮ ਉਨ੍ਹਾਂ ਨੂੰ ਦਿੱਤੇ। ਅਤੇ ਉਨ੍ਹਾਂ ਨੂੰ ਆਪਣੇ ਪਵਿੱਤਰ ਸੱਬਤ ਤੋਂ ਜਾਣੂ ਕਰਾਇਆ ਅਤੇ ਹੁਕਮ ਅਰ ਬਿਧੀਆਂ ਅਰ ਵਿਵਸਥਾ ਦਾ ... ਉਨ੍ਹਾਂ ਨੂੰ ਹੁਕਮ ਦਿੱਤਾ (ਨਹਮਯਾਹ 9:13, 14)।

ਹਿਜ਼ਕੀਏਲ ਨੇ ਲਿਖਿਆ:

''ਸੋ ਮੈਂ ਉਨ੍ਹਾਂ ਨੂੰ ਮਿਸਰ ਦੇ ਦੇਸ ਵਿੱਚੋਂ ਕੱਢ ਕੇ ਉਜਾੜ ਵਿਚ ਲਿਆਇਆ ਅਤੇ ਮੈਂ ਆਪਣੀਆਂ ਵਿਧੀਆਂ ਉਨ੍ਹਾਂ ਨੂੰ ਦਿੱਤੀਆਂ ਅਤੇ ਆਪਣੇ ਹੁਕਮਾਂ ਤੋਂ ਉਨ੍ਹਾਂ ਨੂੰ ਜਾਣੂ ਕੀਤਾ ਕਿ ਆਦਮੀ ਉਨ੍ਹਾਂ ਤੇ ਅਮਲ ਕਰ ਕੇ ਉਨ੍ਹਾਂ ਵਿੱਚੋਂ ਜੀਉਂਦਾ ਰਹੇ। ਨਾਲੇ ਮੈਂ ਆਪਣੇ ਸੱਬਤ ਵੀ ਉਨ੍ਹਾਂ ਨੂੰ ਦਿੱਤੇ ਤਾਂ ਜੋ ਓਹ ਮੇਰੇ ਅਤੇ ਉਨ੍ਹਾਂ ਦੇ ਵਿਚਾਲੇ ਨਿਸ਼ਾਨ ਹੋਣ ਤਾਂ ਜੋ ਓਹ ਜਾਣਨ ਕਿ ਮੈਂ ਯਹੋਵਾਹ ਉਨ੍ਹਾਂ ਨੂੰ ਪਵਿੱਤਰ ਕਰਨ ਵਾਲਾ ਹਾਂ'' (ਹਿਜ਼ਕੀਏਲ 20:10-12)।

ਇਸ ਵਿਚ ਵਿਵਸਥਾਸਾਰ ਦੀ 5:15 ਦੇ ਮੂਸਾ ਦੇ ਕਹਿਣ ਦਾ ਬੋਲ ਸੁਣਾਈ ਦਿੰਦਾ ਹੈ: ''ਯਾਦ ਰੱਖ ਕਿ ਤੂੰ ਮਿਸਰ ਦੇਸ ਵਿਚ ਗ਼ੁਲਾਮ ਸੈਂ ਅਤੇ ਯਹੋਵਾਹ ਤੇਰੇ ਪਰਮੇਸ਼ੁਰ ਨੇ ਬਲਵੰਤ ਹੱਥ ਨਾਲ ਅਤੇ ਬਾਂਹ ਲੰਮੀ ਕਰ ਕੇ ਤੈਨੂੰ ਕੱਢ ਲਿਆ। ਇਸ ਲਈ ਯਹੋਵਾਹ ਤੇਰਾ ਪਰਮੇਸ਼ੁਰ ਤੈਨੂੰ ਸੱਬਤ ਦੇ ਮੰਨਣ ਦਾ ਹੁਕਮ ਦਿੰਦਾ ਹੈ'' ਸੱਬਤ ਜੋ ਇਸਰਾਏਲ ਨੂੰ ਮਿਸਰ ਦੀ ਗ਼ੁਲਾਮੀ ਵਿੱਚੋਂ ਨਿਕਲਣ ਵੇਲੇ ਦਿੱਤਾ ਗਿਆ, ਖ਼ੁਦਾ ਅਤੇ ਇਸਰਾਏਲ ਵਿਚਕਾਰ ਇਕ ਨਿਸ਼ਾਨ ਅਤੇ ਨੇਮ ਸੀ (ਕੂਚ 31:13, 16, 17; ਹਿਜ਼ਕੀਏਲ 20:12)।

ਖ਼ੁਦਾ ਨੇ ਸੀਨਾ ਪਹਾੜ 'ਤੇ ਸੱਬਤ ਦੇ ਮੁਕਾਸ਼ਫ਼ੇ ਦੀ ਤਿਆਰੀ ਲਈ ਇਸਰਾਏਲੀਆਂ ਨੂੰ ਛੇਵੇਂ ਦਿਨ ਹੋਰ ਮੰਨ ਦਿੱਤਾ (ਕੂਚ 16:23-30)। ਇਸਰਾਏਲੀਆਂ ਨੇ ਸਤਵੇਂ ਦਿਨ ਤਕ ਚੱਲਣ ਲਈ ਹਰ ਛੇਵੇਂ ਦਿਨ ਮੰਨ ਜਮ੍ਹਾ ਕਰਨਾ ਹੁੰਦਾ ਸੀ ਅਤੇ ਸੱਬਤ ਵਾਲੇ ਦਿਨ ਆਪਣੇ ਘਰਾਂ ਵਿਚ ਰਹਿਣਾ ਹੁੰਦਾ ਸੀ। ਮੂਸਾ ਨੇ ਸਮਝਾਇਆ ਸੀ, ''ਵੇਖੋ ਯਹੋਵਾਹ ਨੇ ਤੁਹਾਨੂੰ ਸੱਬਤ ਦਿੱਤਾ ਹੈ ਇਸੇ ਲਈ ਉਹ ਤੁਹਾਨੂੰ ਛੇਵੇਂ ਦਿਨ ਦੋਹਾਂ ਦਿਨਾਂ ਦੀ ਰੋਟੀ ਦਿੰਦਾ ਹੈ। ਤੁਸੀਂ ਹਰ ਇਕ ਆਪਣੀ ਥਾਂ ਵਿਚ ਰਹੋ। ਕੋਈ ਆਪਣੇ ਵਾਸ ਤੋਂ ਸੱਬਤ 'ਤੇ ਬਾਹਰ ਨਾ ਜਾਵੇ'' (ਕੂਚ 16:29)।

## ਦਸ ਹੁਕਮਾਂ ਵਿਚ ਸੱਬਤ

ਦਸ ਹੁਕਮਾਂ ਵਿਚ ਸੱਬਤ ਦੇ ਤਿੰਨ ਅਹਿਮ ਪਹਿਲੂ ਦਿੱਤੇ ਗਏ ਹਨ (ਕੂਚ 20:8-11)।

(1) ਸੱਬਤ ਦਾ ਦਿਨ ਪੂਰੇ ਅਰਾਮ ਦਾ ਦਿਨ ਹੁੰਦਾ ਸੀ। ਇਸਰਾਏਲੀਆਂ ਦੇ ਪਰਿਵਾਰ ਦੇ ਲੋਕਾਂ, ਨੌਕਰਾਂ, ਜਾਨਵਰਾਂ, ਪ੍ਰਾਹੁਣਿਆਂ ਜਾਂ ਉਨ੍ਹਾਂ ਵਿਚ ਪਾਏ ਜਾਣ ਵਾਲੇ ਕਿਸੇ ਵੀ ਬੰਦੇ ਵੱਲੋਂ ਕੋਈ ਕੰਮ ਨਹੀਂ ਕੀਤਾ ਜਾਣਾ ਸੀ (ਆਇਤਾਂ 8-10; ਵਿਵਸਥਾਸਾਰ 5:12-15)।

(2) ਖ਼ੁਦਾ ਨੇ ਸੱਬਤ ਦੇ ਰੂਪ ਵਿਚ ਸਤਵੇਂ ਦਿਨ ਨੂੰ ਅਰਾਮ ਦਾ ਦਿਨ ਚੁਣਿਆ, ਕਿਉਂਕਿ ਉਸ ਨੇ ਸਤਵੇਂ ਦਿਨ ਅਰਾਮ ਕੀਤਾ ਸੀ। ''ਕਿਉਂ ਜੋ ਛੇ ਦਿਨਾਂ ਵਿਚ ਯਹੋਵਾਹ ਨੇ ਅਕਾਸ਼ ਅਤੇ ਧਰਤੀ ਨੂੰ, ਸਮੁੰਦਰ ਨੂੰ ਅਤੇ ਸਭ ਕੁਝ ਜੋ ਉਨ੍ਹਾਂ ਦੇ ਵਿਚ ਹੈ ਬਣਾਇਆ ਪਰ ਸੱਤਵੇਂ ਦਿਨ ਅਰਾਮ ਕੀਤਾ। ਇਸ ਲਈ ਯਹੋਵਾਹ ਨੇ ਸੱਬਤ ਦੇ ਦਿਨ ਨੂੰ ਬਰਕਤ ਦਿੱਤੀ ਅਰ ਉਸ ਨੂੰ ਪਵਿੱਤਰ ਠਹਿਰਾਇਆ'' (ਕੂਚ 20:11)।

(3) ਸੱਬਤ ਇਸਰਾਏਲੀਆਂ ਲਈ ਇਕ ਯਾਦਗਾਰੀ ਦਿਨ, ਭਾਵ ਅਰਾਮ ਅਤੇ ਖ਼ੁਦਾ ਵੱਲੋਂ ਮਿਸਰ ਦੀ ਗ਼ੁਲਾਮੀ 'ਚੋਂ ਉਨ੍ਹਾਂ ਨੂੰ ਕੱਢਣ ਦਾ ਜਸ਼ਨ ਮਨਾਉਣ ਦਾ ਦਿਨ ਸੀ। ''ਯਾਦ ਰੱਖ ਕਿ ਤੂੰ ਮਿਸਰ ਦੇਸ ਵਿਚ ਗ਼ੁਲਾਮ ਸੈਂ ਅਤੇ ਯਹੋਵਾਹ ਤੇਰੇ ਪਰਮੇਸ਼ੁਰ ਨੇ ਬਲਵੰਤ ਹੱਥ ਨਾਲ ਅਤੇ ਬਾਂਹ ਲੰਮੀ ਕਰ ਕੇ ਤੈਨੂੰ ਕੱਢ ਲਿਆ। ਇਸ ਲਈ ਯਹੋਵਾਹ ਤੇਰਾ ਪਰਮੇਸ਼ੁਰ ਤੈਨੂੰ ਸੱਬਤ ਦੇ ਮੰਨਣ ਦਾ ਹੁਕਮ ਦਿੰਦਾ ਹੈ'' (ਵਿਵਸਥਾਸਾਰ 5:15)।

ਖ਼ੁਦਾ ਨੇ ਸਤਵੇਂ ਦਿਨ ਨੂੰ ਚੁਣਿਆ ਕਿਉਂਕਿ ਉਹਨੇ ਇਸ ਦਿਨ ਅਰਾਮ ਕੀਤਾ ਸੀ, ਪਰ ਉਸ ਵਿਚ ਕਿਤੇ ਵੀ ਕੁਦਰਤ ਦੇ ਸਨਮਾਨ ਵਿਚ ਯਾਦਗਾਰੀ ਦਿਨ ਜਾਂ ਸਤਵੇਂ ਦਿਨ ਆਪਣੇ ਅਰਾਮ ਕਰਨ ਲਈ ਯਾਦਗਾਰੀ ਦੇ ਰੂਪ ਵਿਚ ਇਸ ਨੂੰ ਵੱਖ (ਪਵਿੱਤਰ) ਬਣਾਉਣ ਦਾ ਹੁਕਮ ਨਹੀਂ ਦਿੱਤਾ ਗਿਆ। ਇਸਰਾਏਲ ਲਈ ਸੱਬਤ ਦੇ ਦਿਨ ਨੂੰ ਬੰਦਗੀ ਦੇ ਖ਼ਾਸ ਦਿਨ ਬਾਰੇ ਕੁਝ ਨਹੀਂ ਕਿਹਾ ਗਿਆ।

ਇਸ ਤੱਥ ਦਾ ਕਿ ਖ਼ੁਦਾ ਨੇ ਇਹ ਦਿਨ ਆਪਣੇ ਲੋਕਾਂ ਨੂੰ ਗ਼ੁਲਾਮੀ ਵਿੱਚੋਂ ਕੱਢਣ ਨੂੰ ਯਾਦਗਾਰ ਰੱਖਣ ਲਈ ਦਿੱਤਾ ਸੀ, ਭਾਵ ਮਿਸਰ ਦੀ ਗ਼ੁਲਾਮੀ ’ਚੋਂ ਨਿੱਕਲਣ ਤੋਂ ਪਹਿਲਾਂ ਇਹ ਦਿਨ ਨਹੀਂ ਦਿੱਤਾ ਗਿਆ ਸੀ। ਫਿਰ, ਮਿਸਰ ਵਿਚ ਗ਼ੁਲਾਮ ਰਹਿਣ ਦੇ ਚਾਰ ਸੌ ਸਾਲਾਂ ਦੌਰਾਨ ਤਾਂ ਯਕੀਨੀ ਤੌਰ ਤੇ ਸੱਬਤ ਨੂੰ ਨਹੀਂ ਮਨਾ ਸਕੇ ਹੋਣਗੇ (ਉਤਪਤ 15:13; ਰਸੂਲਾਂ ਦੇ ਕੰਮ 7:6)।

## ਭਲਾ ਸੱਬਤ ਸੰਸਾਰ ਦੀ ਰਚਨਾ ਵੇਲੇ ਦਿੱਤਾ ਗਿਆ ਸੀ?

ਭਲਾ ਉਤਪਤ 2:1-3 ਇਹ ਸਿਖਾਉਂਦਾ ਹੈ ਕਿ ਖ਼ੁਦਾ ਨੇ ਸੰਸਾਰ ਦੀ ਰਚਨਾ ਪੂਰੀ ਕਰਨ ਵੇਲੇ ਸਤਵੇਂ ਦਿਨ ਨੂੰ ਮਨੁੱਖ ਜਾਤੀ ਦੇ ਮਨਾਉਣ ਲਈ ਵੱਖ ਕਰ ਦਿੱਤਾ ਸੀ? ਪਹਿਲੀ ਨਜ਼ਰ ’ਚ ਹੋ ਸਕਦਾ ਹੈ ਕਿ ਅਸੀਂ ਇਹੀ ਨਿਚੋੜ ਕੱਢੀਏ ਕਿ ਸੱਬਤ ਸੰਸਾਰ ਦੀ ਰਚਨਾ ਦੇ ਸ਼ੁਰੂ ਤੋਂ ਹੀ ਸੀ। ਪਰ, ਅਜਿਹਾ ਨਿਚੋੜ ਇਸ ਤੱਥ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ ਖ਼ੁਦਾ ਨੇ ਸੱਬਤ ਇਸਰਾਏਲ ਲਈ ਮਿਸਰ ਦੀ ਗ਼ੁਲਾਮੀ ’ਚੋਂ ਨਿਕਲਣ ਦੇ ਬਾਅਦ ਦਿੱਤਾ ਸੀ। ਇਹ ਇਸ ਤੱਥ ਨੂੰ ਵੀ ਨਜ਼ਰਅੰਦਾਜ ਕਰਦਾ ਹੈ ਕਿ ਮੂਸਾ ਨੇ ਉਤਪਤ ਦੀ ਕਿਤਾਬ ਸੰਸਾਰ ਦੀ ਰਚਨਾ ਦੇ ਕਈ ਸਾਲਾਂ ਬਾਅਦ ਲਿਖੀ ਸੀ।

ਅਮਰੀਕਾ ਵਿਚ ਸ਼ਹਿਰੀ ਹੱਕਾਂ ਦੇ ਇਕ ਰਹਿਨੁਮਾ ਮਾਰਟਿਨ ਲੂਥਰ ਕਿੰਗ ਜੂਨੀਅਰ ਜਿਸ ਨੂੰ 1968 ਵਿਚ ਕਤਲ ਕਰ ਦਿੱਤਾ ਗਿਆ ਸੀ, ਦਾ ਜਨਮ ਦਿਨ ਜਨਵਰੀ ਦੇ ਤੀਜੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ। ਇਕ ਇਤਿਹਾਸਕਾਰ ਨੇ ਕਿੰਗ ਦੀ ਜੀਵਨੀ ਲਿਖਣ ਵੇਲੇ 16 ਜਨਵਰੀ, 1929 ਵੱਖ ਰੱਖਿਆ ਅਤੇ ਬਾਅਦ ਵਿਚ ਜੋੜ ਦਿੱਤਾ ਕਿ ਜਨਮ ਦਿਨ ਦੇ ਸਨਮਾਨ ਵਿਚ ਇਕ ਖ਼ਾਸ ਦਿਨ ਰੱਖਿਆ ਗਿਆ ਸੀ। ਉਸ ਨੂੰ ਇਹ ਵਿਆਖਿਆ ਕਰਨ ਦੀ ਲੋੜ ਨਹੀਂ ਸੀ ਕਿ 2 ਨਵੰਬਰ, 1983 ਨੂੰ ਰੋਨਲਡ ਰੀਗਨ ਨੇ ਕਿੰਗ ਦੇ ਜਨਮ ਦਿਨ ਦੇ ਸਨਮਾਨ ਲਈ ਜਨਵਰੀ ਦੇ ਤੀਜੇ ਸੋਮਵਾਰ ਨੂੰ ਕੌਮੀ ਦਿਨ ਬਣਾਉਣ ਲਈ ਇਕ ਬਿੱਲ ਤੇ ਦਸਤਖ਼ਤ ਕੀਤੇ ਸਨ।

ਇਸ ਜੀਵਨੀ ਦੇ ਲੇਖਕ ਵਾਂਗ, ਮੂਸਾ ਵੀ ਪਿਛਾਂਹ ਨੂੰ ਵੇਖ ਰਿਹਾ ਸੀ। ਸੰਸਾਰ ਦੀ ਰਚਨਾ ਬਾਰੇ ਅਤੇ ਸਤਵੇਂ ਦਿਨ ਖ਼ੁਦਾ ਦੇ ਅਰਾਮ ਕਰਨ ਦੀ ਗੱਲ ਦੱਸਣ ਦੇ ਬਾਅਦ, ਉਹਨੇ ਫੇਰ ਲਿਖਿਆ ਕਿ ਖ਼ੁਦਾ ਨੇ ਉਸ ਦਿਨ ਨੂੰ ਅਰਾਮ ਦੇ ਰੂਪ ਵਿਚ ਵੱਖ ਕਰ ਦਿੱਤਾ ਸੀ ਅਤੇ ਨਾ ਹੀ ਇਹ ਕਿਹਾ ਕਿ ਉਸ ਸਮੇਂ ਇਸ ਨੂੰ ਕੋਈ ਹੋਰ ਮੰਨਦਾ ਸੀ। ਬਾਅਦ ਵਿਚ, ਮੂਸਾ ਨੇ ਲਿਖਿਆ ਕਿ ਖ਼ੁਦਾ ਨੇ ਇਸਰਾਏਲੀਆਂ ਦੇ ਮਿਸਰ ਵਿੱਚੋਂ ਨਿਕਲਣ ਦੇ ਬਾਅਦ ਸੀਨਈ ਪਹਾੜ ਤੇ ਅਰਾਮ ਦਾ ਦਿਨ ਠਹਿਰਾਇਆ (ਵਿਵਸਥਾਸਾਰ 5:15)। ਹੋਰ ਆਇਤਾਂ ਇਸ ਦੀ ਉਸ ਸਮੇਂ ਦੇ ਰੂਪ ਵਿਚ ਤਸਦੀਕ ਕਰਦੀਆਂ ਹਨ ਜਦ ਸੱਬਤ ਦਾ ਦਿਨ ਦਿੱਤਾ ਅਤੇ ਲਾਗੂ ਕੀਤਾ ਗਿਆ ਸੀ (ਨਹਮਯਾਹ 9:13, 14; ਹਿਜ਼ਕੀਏਲ 20:10-12)।

ਲਿਖਣ ਦਾ ਇਹ ਢੰਗ ਪੁਰਾਣੇ ਨੇਮ ਵਿਚ ਹੋਰ ਥਾਂਵਾਂ ਤੇ ਵੀ ਮਿਲਦਾ ਹੈ। ਉਦਾਹਰਣ ਲਈ ਮੂਸਾ ਨੇ ਆਦਮ ਅਤੇ ਹੱਵ੍ਹਾ ਦੇ ਮਾਤਾ-ਪਿਤਾ ਬਣਨ ਤੋਂ ਪਹਿਲਾਂ ਹੀ ਵਿਸਥਾਰ ਵਿਚ ਦੱਸਿਆ ਕਿ ਆਦਮੀ ਆਪਣੇ ਮਾਪਿਆਂ ਨੂੰ ਛੱਡ ਕੇ (ਉਤਪਤ 2:24) ਆਪਣੀ ਪਤਨੀ ਨਾਲ ਕਿਉਂ ਮਿਲਿਆ ਰਹੇਗਾ। ਆਦਮ ਨੇ ਆਪਣੀ ਪਤਨੀ ਨੂੰ ''ਹੱਵਾਹ'' ਕਿਹਾ ਜਿਸਦਾ ਅਰਥ ਹੈ ''ਸਭ ਲੋਕਾਂ ਦੀ ਮਾਤਾ'' ਜਦ ਕਿ ਉਸ ਨੇ ਅਜੇ ਤਕ ਕਿਸੇ ਬੱਚੇ ਨੂੰ ਜਨਮ ਨਹੀਂ ਦਿੱਤਾ ਸੀ (ਉਤਪਤ 3:20)।

ਵੱਖ-ਵੱਖ ਥਾਂਵਾਂ ਨੂੰ ਵੀ ਨਾਂਅ ਦੇਣ ਤੋਂ ਪਹਿਲਾਂ, ਖ਼ਾਸ ਨਾਂਅ ਲਏ ਗਏ ਸਨ। ਉਦਾਹਰਣ ਲਈ ਬੇਤੇਲ ਨੂੰ ਇਹ ਨਾਂਅ ਦੇਣ ਤੋਂ ਪਹਿਲਾਂ ਵੀ (ਉਤਪਤ 28:19), ''ਬੇਤੇਲ'' ਨਾਮ ਦੇ ਰੂਪ ਵਿਚ ਹੀ ਦਿੱਤਾ ਗਿਆ ਹੈ (ਉਤਪਤ 12:8; 13:3)। ਇਸੇ ਤਰ੍ਹਾਂ ''ਬਏਰਸ਼ਬਾ'' (ਉਤਪਤ 21:31) ਵਿਚ ਵੀ ਬਏਰਸ਼ਬਾ ਨਾਂਅ ਦਿੱਤੇ ਜਾਣ ਤੋਂ ਪਹਿਲਾਂ ਹੀ ਇਸ ਦੇ ਹਵਾਲੇ (ਉਤਪਤ 21:14), ''ਹੋਰਮਾ'' ਦਾ ਨਾਂਅ ਦਿੱਤੇ ਜਾਣ ਤੋਂ ਪਹਿਲਾਂ (ਗਿਣਤੀ 21:3) ''ਹੋਰਮਾ'' (ਗਿਣਤੀ 14:45), ''ਗਿਲਗਾਲ'' ਦਾ ਨਾਂਅ ਦੇਣ ਤੋਂ ਪਹਿਲਾਂ (ਯਹੋਸ਼ੁਆ 5:9) ਗਿਲਗਾਲ (ਵਿਵਸਥਾਸਾਰ 11:30; ਯਹੋਸ਼ੁਆ 4:19, 20), ਦਾਨ ਦਾ ਨਾਂਅ ਦੇਣ ਤੋਂ ਪਹਿਲਾਂ (ਵਿਵਸਥਾਸਾਰ 34:1; ਯਹੋਸ਼ੁਆ 19:47; ਨਿਆਈਆਂ 18:29) ਅਤੇ ਯਰੂਸ਼ਲਮ (ਯਹੋਸ਼ੁਆ 10:1) ਦੇ ਕਈ ਹਵਾਲੇ ਹਨ ਜਦ ਕਿ ਇਸ ਨੂੰ ਅਜੇ ''ਯਬੂਸ'' ਹੀ ਆਖਿਆ ਜਾਂਦਾ ਸੀ (ਨਿਆਈਆਂ 19:10)।

ਸੱਬਤ ਦਾ ਨਿਅਮ ਮਿਸਰ ਦੀ ਗ਼ੁਲਾਮੀ 'ਚੋਂ ਨਿਕਲਣ ਵੇਲੇ ਇਸਰਾਏਲ ਨੂੰ ਦਿੱਤੇ ਗਏ ਦਸ ਹੁਕਮਾਂ ਦਾ ਹਿੱਸਾ ਸੀ। ਮੂਸਾ ਨੇ ਜ਼ੋਰ ਦੇ ਕੇ ਆਖਿਆ ਸੀ ਕਿ ਖ਼ੁਦਾ ਨੇ ਇਹ ਨੇਮ ਕਿਸੇ ਪਿਛਲੀ ਪੀੜ੍ਹੀ ਨਾਲ ਨਹੀਂ ਬੰਨ੍ਹਿਆ ਸੀ (ਵਿਵਸਥਾਸਾਰ 5:1-3)। ਇਸ ਤਰ੍ਹਾਂ ਸੱਬਤ ਦਾ ਨਿਅਮ ਇਸਰਾਏਲੀਆਂ ਦੇ ਮਿਸਰ 'ਚੋਂ ਨਿਕਲਣ ਤਕ ਨਾ ਤਾਂ ਆਦਮ ਅਤੇ ਹੱਵਾਹ ਨੂੰ ਅਤੇ ਨਾ ਕਿਸੇ ਹੋਰ ਨੂੰ ਦਿੱਤਾ ਗਿਆ ਸੀ।

## ਭਲਾ ਸੱਬਤ ਦਾ ਦਿਨ ਬੰਦਗੀ ਲਈ ਦਿੱਤਾ ਗਿਆ ਸੀ?

ਉਤਪਤ ਦੀ ਕਿਤਾਬ ਵਿਚ ਇਹ ਨਹੀਂ ਕਿਹਾ ਗਿਆ ਕਿ ਖ਼ੁਦਾ ਨੇ ਸੱਬਤ ਦਾ ਦਿਨ ਬੰਦਗੀ ਦੇ ਖ਼ਾਸ ਦਿਨ ਲਈ ਅੱਡ ਕਰ ਕੇ ਰੱਖਿਆ ਸੀ। ਖ਼ੁਦਾ ਨੇ ਕੰਮ ਮੁਕਾਇਆ, ਪਰ ਉਸ ਨੇ ਸਤਵੇਂ ਦਿਨ ਬੰਦਗੀ ਕਰਨ ਦਾ ਹੁਕਮ ਨਹੀਂ ਦਿੱਤਾ ਸੀ (ਉਤਪਤ 2:1-3)। ਦਸ ਹੁਕਮ ਦਿੰਦਿਆਂ ਖ਼ੁਦਾ ਨੇ ਇਸਰਾਏਲੀਆਂ ਨੂੰ ਅਰਾਮ ਕਰਨ ਅਤੇ ਇਹ ਯਾਦ ਰੱਖਣ ਲਈ ਕਿਹਾ ਕਿ ਖ਼ੁਦਾ ਨੇ ਉਨ੍ਹਾਂ ਨੂੰ ਮਿਸਰੀਆਂ ਦੀ ਗ਼ੁਲਾਮੀ ਚੋਂ ਛੁਡਾਇਆ, ਪਰ ਬੰਦਗੀ ਬਾਰੇ ਕੁਝ ਨਹੀਂ ਕਿਹਾ ਸੀ (ਕੂਚ 20:8-10; ਵਿਵਸਥਾਸਾਰ 5:12-15)।

ਸੱਬਤ ਵਾਲੇ ਦਿਨ ਬੰਦਗੀ ਬਾਰੇ ਹਵਾਲੇ ਹਿਜ਼ਕੀਏਲ ਅਤੇ ਯਸਾਯਾਹ ਵਿਚ ਹੀ ਮਿਲਦੇ ਹਨ। ਹਿਜ਼ਕੀਏਲ 46 ਅਧਿਆਇ ਯਹੂਦੀ ਯੁੱਗ ਵਿਚ ਬੰਦਗੀ ਦੇ ਦਿਨ ਦੀ ਗੱਲ ਨਹੀਂ ਕਰਦਾ ਜਦ ਕਿ ਇਹ ਸ਼ਾਇਰੀ ਦੀ ਭਾਸ਼ਾ ਵਿਚ ਹਿਜ਼ਕੀਏਲ ਦੀ ਭਵਿੱਖਬਾਣੀ ਦਾ ਦਰਸ਼ਣ ਹੈ। ਇਹ ਮਸੀਹੀ ਬੰਦਗੀ ਦੀ ਗੱਲ ਨਹੀਂ ਹੈ। ਜੇ ਇਸ ਤੋਂ ਸਾਬਿਤ ਹੁੰਦਾ ਹੈ ਕਿ ਮਸੀਹੀ ਲੋਕਾਂ ਨੂੰ ਸੱਬਤ ਦੇ ਦਿਨ ਬੰਦਗੀ ਕਰਨੀ ਚਾਹੀਦੀ ਹੈ ਤਾਂ ਇਹਦਾ ਮਤਲਬ ਇਹ ਵੀ ਹੈ ਕਿ ਮਸੀਹੀ ਲੋਕਾਂ ਨੂੰ ਹੈਕਲ ਵਿਚ ਬੰਦਗੀ ਕਰਨੀ ਚਾਹੀਦੀ ਹੈ (ਆਇਤ 1), ਨਵੇਂ ਚੰਦਰਮਾ ਦਾ ਦਿਨ

ਮਨਾਉਣਾ ਚਾਹੀਦਾ ਹੈ (ਆਇਤਾਂ 1, 3), ਯਾਜਕਾਂ ਦੇ ਰਾਹੀਂ ਬੰਦਗੀ ਕਰਨੀ ਚਾਹੀਦੀ ਹੈ (ਆਇਤ 2), ਹੋਮ ਬਲੀਆਂ ਦੇਣੀਆਂ ਚਾਹੀਦੀਆਂ ਹਨ (ਆਇਤਾਂ 2-7), ਯਹੂਦੀ ਪਰਬ ਮਨਾਉਣੇ ਚਾਹੀਦੇ ਹਨ (ਆਇਤ 9-12), ਰੋਜ਼ ਕੁਰਬਾਨੀਆਂ ਚੜ੍ਹਾਉਣੀਆਂ ਚਾਹੀਦੀਆਂ ਹਨ (ਆਇਤਾਂ 13-15) ਅਤੇ ਅਜ਼ਾਦੀ ਦਾ ਵਰ੍ਹਾ ਮਨਾਉਣਾ ਚਾਹੀਦਾ ਹੈ (ਆਇਤਾਂ 16-18)।

ਹਿਜ਼ਕੀਏਲ ਦੇ ਦਰਸ਼ਣ ਨੂੰ ਯਹੂਦੀ ਨਬੀਆਂ ਦੀ ਨਬੂਵਤ ਦੀ ਸੰਕੇਤਕ ਭਾਸ਼ਾ ਦੇ ਸੰਦਰਭ ਵਿਚ ਸਮਝਣਾ ਚਾਹੀਦਾ ਹੈ ਜਿਨ੍ਹਾਂ ਨੇ ਮਸੀਹੀ ਯੁੱਗ ਦੇ ਵਿਹਾਰਾਂ ਦੇ ਪਰਛਾਵੇਂ ਲਈ (ਇਬਰਾਨੀਆਂ 10:1) ਯਹੂਦੀ ਵਿਚਾਰਾਂ ਦੀ ਵਰਤੋਂ ਕੀਤੀ ਜਾਂਦੀ ਸੀ। ਇਵੇਂ ਹੀ, ਪ੍ਰਕਾਸ਼ ਦੀ ਪੋਥੀ ਦੀ ਕਿਤਾਬ ਮਸੀਹੀ ਬੰਦਗੀ ਦੇ ਸੰਕੇਤਾਂ ਦੇ ਰੂਪ ਵਿਚ ਯਹੂਦੀ ਬੰਦਗੀ ਦੇ ਤੱਥਾਂ ਦੀ ਵਰਤੋਂ ਕਰਦੀ ਹੈ।

ਯਸਾਯਾਹ 66 ਇਹ ਨਹੀਂ ਕਹਿੰਦਾ ਕਿ ਖ਼ੁਦਾ ਦੀ ਬੰਦਗੀ ਸੱਬਤ ਦੇ ਦਿਨ ਹੀ ਹੋਣੀ ਸੀ। ਇੱਥੇ ਤਾਂ ਇਹ ਲਿਖਿਆ ਹੈ ਕਿ ''ਐਉਂ ਹੋਵੇਗਾ ਕਿ ਨਵੇਂ ਚੰਨ ਤੋਂ ਨਵੇਂ ਚੰਨ ਤੀਕ, ਅਤੇ ਸੱਬਤ ਤੋਂ ਸੱਬਤ ਤੀਕ, ਸਾਰੇ ਬਸ਼ਰ ਆਉਣਗੇ ਭਈ ਮੇਰੇ ਸਨਮੁਖ ਮੱਥਾ ਟੇਕਣ'' (ਆਇਤ 23)। ਯਸਾਯਾਹ ਇਹ ਨਹੀਂ ਕਹਿ ਰਿਹਾ ਸੀ ਕਿ ਲੋਕ ਹਰ ਸੱਬਤ ਦੇ ਦਿਨ ਖ਼ੁਦਾ ਦੇ ਅੱਗੇ ਆ ਕੇ ਸਿਜਦਾ ਕਰਨਗੇ। ''ਇਕ ਸੱਬਤ ਤੋਂ ਦੂਜੇ ਸੱਬਤ ਤਕ'' ਕਹਿਣ ਤੋਂ ਉਸਦਾ ਭਾਵ ਸੀ ਕਿ ਉਹ ਸੱਬਤਾਂ ਦੇ ਵਿਚਕਾਰ ਆਉਣ ਵਾਲੇ ਦਿਨਾਂ ਵਿਚ ਬੰਦਗੀ ਕਰਨਗੇ।

ਇਸਦੀ ਤੁਲਨਾ ਕਿਸੇ ਬੰਦੇ ਦੇ ਕਿਸੇ ਔਰਤ ਨੂੰ ਇਹ ਕਹਿਣ ਨਾਲ ਕੀਤੀ ਜਾ ਸਕਦੀ ਹੈ, ''ਜੇ ਤੂੰ ਮੇਰੇ ਨਾਲ ਵਿਆਹ ਕਰੇਂ, ਤਾਂ ਮੈਂ ਤੈਨੂੰ ਨਵੇਂ ਸਾਲ ਦੇ ਦਿਨ ਤੋਂ ਨਵੇਂ ਸਾਲ ਤਕ ਅਤੇ ਐਤਵਾਰ ਤੋਂ ਐਤਵਾਰ ਤਕ ਇੱਕੋ ਜਿਹਾ ਪਿਆਰ ਕਰਾਂਗਾ।'' ਉਸਦੇ ਕਹਿਣ ਤੋਂ ਭਾਵ ਇਹ ਨਹੀਂ ਹੈ ਕਿ ਉਹ ਉਸ ਨੂੰ ਉਨ੍ਹਾਂ ਦਿਨਾਂ ਵਿਚ ਹੀ ਪਿਆਰ ਕਰੇਗਾ। ਸਗੋਂ ਉਹ ਉਸ ਨੂੰ ਉਨ੍ਹਾਂ ਦਿਨਾਂ ਅਤੇ ਉਸ ਵਿਚਲੇ ਦਿਨਾਂ ਵਿਚ ਵੀ ਪਿਆਰ ਕਰੇਗਾ। ਯਸਾਯਾਹ ਦੀ ਭਵਿੱਖਬਾਣੀ ਦਾ ਅਰਥ ਸੀ ਕਿ ਖ਼ੁਦਾ ਦੀ ਵਡਿਆਈ ਹੁੰਦੀ ਰਹਿਣੀ ਸੀ।

ਜੇ ਇਸ ਆਇਤ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਮਸੀਹੀ ਯੁੱਗ ਵਿਚ ਸੱਬਤ ਦਾ ਦਿਨ ਮਨਾਇਆ ਜਾਣਾ ਚਾਹੀਦਾ ਹੈ, ਤਾਂ ਇਸ ਤੋਂ ਇਹ ਵੀ ਸਿੱਖਿਆ ਮਿਲਦੀ ਹੈ ਕਿ ਮਸੀਹੀ ਲੋਕਾਂ ਨੂੰ ਯਹੂਦੀਆਂ ਦੇ ਨਵੇਂ ਚੰਨ ਦੇ ਖ਼ਾਸ ਦਿਨ ਵੀ ਮਨਾਉਣੇ ਚਾਹੀਦੇ ਹਨ। ਉਹ ਇਹ ਨਹੀਂ ਕਹਿੰਦਾ ਕਿ ਲੋਕ ਨਵੇਂ ਚੰਨ ਦੇ ਦਿਨਾਂ ਨੂੰ ਮਨਾਉਣਗੇ, ਸੱਬਤ ਦੇ ਦਿਨ ਅਰਾਮ ਕਰਨਗੇ ਜਾਂ ਹਰ ਸੱਬਤ ਵਾਲੇ ਦਿਨ ਬੰਦਗੀ ਕਰਨਗੇ। ਸਗੋਂ ਇਸ ਵਿਚ ਕਿਹਾ ਗਿਆ ਹੈ ਕਿ ਉਹ ਖ਼ੁਦਾ ਅੱਗੇ ''ਮੱਥਾ ਟੇਕਣਗੇ,'' ਜੋ ਇਸ ਗੱਲ ਦਾ ਸੰਕੇਤ ਹੈ ਕਿ ਉਹ ਹਰ ਹਫ਼ਤੇ ਖ਼ੁਦਾ ਨੂੰ ਵਡਿਆਈ ਦੇਣਗੇ ਅਤੇ ਉਸ ਦੇ ਹੁਕਮਾਂ ਨੂੰ ਮੰਨਣਗੇ।

ਖ਼ੁਦਾ ਨੇ ਸੱਬਤ ਨੂੰ ''ਪਵਿੱਤਰ'' ਮੰਨਣ ਦਾ ਹੁਕਮ ਦਿੱਤਾ ਸੀ, ਜਿਸ ਤੋਂ ਭਾਵ ਸੀ ਕਿ ਇਸ ਨੂੰ ''ਵੱਖ'' ਰੱਖਿਆ ਜਾਵੇ (ਕੂਚ 20:8; 31:14, 15)। ਇਸ ਨੂੰ ਵੱਖ ਰੱਖਣ ਦੀ ਗੱਲ ਨੂੰ ਇਸ ਹੁਕਮ ਵਿਚ ਵਿਸਥਾਰ ਨਾਲ ਸਮਝਾਇਆ ਗਿਆਃ

> ਛੇ ਦਿਨ ਤੂੰ ਮਿਹਨਤ ਕਰ ਅਤੇ ਆਪਣਾ ਸਾਰਾ ਕੰਮ ਧੰਦਾ ਕਰ। ਪਰ ਸਤਵਾਂ ਦਿਨ ਯਹੋਵਾਹ ਤੇਰੇ ਪਰਮੇਸ਼ੁਰ ਲਈ ਸੱਬਤ ਹੈ। ਤੂੰ ਉਸ ਵਿੱਚ ਕੋਈ ਕੰਮ ਧੰਦਾ ਨਾ ਕਰ, ਨਾ ਤੂੰ ਨਾ ਤੇਰਾ ਪੁੱਤਰ ਨਾ ਤੇਰੀ ਧੀ, ਨਾ ਗੋਲਾ ਨਾ ਗੋੱਲੀ ਨਾ ਤੇਰਾ ਡੰਗਰ ਅਤੇ

ਨਾ ਤੇਰਾ ਪਰਦੇਸੀ ਜਿਹੜਾ ਤੇਰੇ ਫਾਟਕਾਂ ਦੇ ਅੰਦਰ ਹੈ (ਕੂਚ 20:9, 10)।

ਅਸੀਂ ਇਹ ਵੀ ਪੜ੍ਹਦੇ ਹਾਂ:

> ''ਛੇ ਦਿਨ ਕੰਮ ਕੀਤਾ ਜਾਵੇ ਪਰ ਸਤਵਾਂ ਦਿਨ ਵਿਸਰਾਮ ਦਾ ਸੱਬਤ ਯਹੋਵਾਹ ਲਈ ਪਵਿੱਤਰ ਹੈ। ਜੋ ਕੋਈ ਸੱਬਤ ਦੇ ਦਿਨ ਵਿੱਚ ਕੰਮ ਕਰੇ ਉਹ ਜ਼ਰੂਰ ਮਾਰਿਆ ਜਾਵੇ'' (ਕੂਚ 31:15)।

ਸੱਬਤ ਦੇ ਦਿਨ ਨੂੰ ਪਵਿੱਤਰ ਮੰਨਣ ਦਾ ਢੰਗ ਕੰਮ ਕਰਨਾ ਬੰਦ ਕਰਕੇ ਇਸ ਨੂੰ ਅਰਾਮ ਦੇ ਦਿਨ ਦੇ ਰੂਪ ਵਿਚ ਮਨਾਉਣਾ ਸੀ। ਇਸਰਾਏਲ ਵਿਚ ਰੋਜ਼ ਦਾ ਕੰਮ-ਕਾਜ, ਬੰਦਗੀ ਅਤੇ ਕੁਰਬਾਨੀਆਂ ਖ਼ਾਸ ਤੌਰ ਤੇ ਸੱਬਤ ਨਾਲ ਨਹੀਂ ਜੁੜੇ ਸਨ।

ਇਸਰਾਏਲ ਨੂੰ ਸੱਬਤ ਦੇ ਦਿਨ ਮੰਡਲੀ ਦੇ ਰੂਪ ਵਿਚ ਬੰਦਗੀ ਲਈ ਇਕੱਠੇ ਹੋਣ ਦਾ ਹੁਕਮ ਨਹੀਂ ਦਿੱਤਾ ਗਿਆ ਸੀ। ਰਵਾਇਤੀ ''ਸੱਬਤ ਦੇ ਦਿਨ ਦੀ ਵਾਟ'' (ਇਕ ਮੀਲ ਦੇ ਕਰੀਬ 3/5 ਹਿੱਸੇ ਦਾ ਸੀਮਤ ਸਫ਼ਰ ਹੋਣ ਕਰਕੇ), ਸਿਰਫ਼ ਯਰੂਸ਼ਲਮ ਵਿਚ ਜਾਂ ਉਸ ਦੇ ਆਲੇ ਦੁਆਲੇ ਦੇ ਰਹਿਣ ਵਾਲੇ ਲੋਕ ਹੀ ਸੱਬਤ ਦੇ ਦਿਨ ਬੰਦਗੀ ਲਈ ਇਕੱਠੇ ਹੋ ਪਾਉਂਦੇ ਹੋਣਗੇ।

ਖ਼ੁਦਾ ਵੱਲੋਂ ਇਸਰਾਏਲੀਆਂ ਨੂੰ ਦਸ ਹੁਕਮ ਦਿੱਤੇ ਜਾਣ ਦੇ ਕਈ ਸਾਲਾਂ ਬਾਅਦ ਤਕ ਸੱਬਤ ਦਾ ਦਿਨ ਲੋਕਾਂ ਦੇ ਇਕੱਠੇ ਹੋਣ ਦਾ ਦਿਨ ਨਹੀਂ ਸੀ। ਹੈਕਲ ਦੇ ਢਾਏ ਜਾਣ ਅਤੇ ਕੈਦੀ ਯਹੂਦੀਆਂ ਨੂੰ ਬਾਬੁਲ ਨੂੰ ਲਿਜਾਣ ਵੇਲੇ, ਪਵਿੱਤਰ ਲਿਖਤ ਨੂੰ ਆਮ ਲੋਕਾਂ ਵਿਚ ਪੜ੍ਹਨ ਲਈ ਬੰਦਗੀ ਲਈ ਭਵਨ ਬਣਾਏ ਗਏ ਸਨ। ''ਦੇਸ਼ ਨਿਕਾਲੇ ਦੌਰਾਨ ਬੰਦਗੀ ਲਈ ਭਵਨ, ਸਿਨਾਗੋਗ ਵਧਣ ਨਾਲ ਸੱਬਤ ਅਰਾਮ ਦੇ ਦਿਨ ਦੇ ਨਾਲ-ਨਾਲ ਬੰਦਗੀ ਅਤੇ ਸ਼ਰ੍ਹਾ ਦੇ ਅਧਿਐਨ ਦਾ ਦਿਨ ਵੀ ਬਣ ਗਿਆ ਸੀ।''[1]

ਇਸ ਤੋਂ ਪਹਿਲਾਂ, ਇਸਰਾਏਲੀ ਲੋਕ ਯਰੂਸ਼ਲਮ ਵਿਚ ਹੀ ਬੰਦਗੀ ਕਰਦੇ ਸਨ ਜਿਸ ਨੂੰ ਖ਼ੁਦਾ ਨੇ ਉਨ੍ਹਾਂ ਲਈ ਬੰਦਗੀ ਵਾਸਤੇ ਠਹਿਰਾਇਆ ਸੀ।[2] ਉਨ੍ਹਾਂ ਨੂੰ ਦੱਸਿਆ ਗਿਆ ਸੀ:

> ਖ਼ਬਰਦਾਰ ਰਹੋ, ਤੁਸੀਂ ਆਪਣੀਆਂ ਹੋਮ ਦੀਆਂ ਬਲੀਆਂ ਜਿੱਥੇ ਕਿਤੇ ਤੁਹਾਡੀ ਨਿਗਾਹ ਜਾਵੇ ਨਾ ਚੜ੍ਹਾਇਓ। ਪਰ ਉਸ ਅਸਥਾਨ ਉੱਤੇ ਜਿਹੜਾ ਯਹੋਵਾਹ ਤੁਹਾਡੇ ਕਿਸੇ ਗੋਤ ਵਿੱਚ ਚੁਣੇ ਉੱਥੇ ਤੁਸੀਂ ਆਪਣੀਆਂ ਹੋਮ ਦੀਆਂ ਬਲੀਆਂ ਚੜ੍ਹਾਇਓ ਅਤੇ ਉੱਥੇ ਤੁਸੀਂ ਜੋ ਕੁਝ ਮੈਂ ਤੁਹਾਨੂੰ ਹੁਕਮ ਦਿੰਦਾ ਹਾਂ ਕਰਿਓ (ਵਿਵਸਥਾਸਾਰ 12:13, 14)।

ਲੇਵੀਆਂ 23:2 ਵਿਚ ਇਕ ''ਪਵਿੱਤਰ ਸਭਾ'' ਦਾ ਜ਼ਿਕਰ ਹੈ। ਲੋਕ ਕਿੱਥੇ ਅਤੇ ਕਿਉਂ ਇਕੱਠੇ ਹੁੰਦੇ ਸਨ ਇਸ ਬਾਰੇ ਕੁਝ ਨਹੀਂ ਦੱਸਿਆ ਗਿਆ। ਸੱਬਤ ਦੇ ਦਿਨ ਦੀ ਰਵਾਇਤ ਪੂਰੀ ਕੌਮ ਜਾਂ ਵੱਡੇ ਸ਼ਹਿਰ ਵਿਚ ਕਿਸੇ ਇਕੱਠ ਨੂੰ ਰੋਕਦੀ ਹੋਵੇਗੀ। ਸੱਬਤ ਨੂੰ ਮੰਨਣ ਬਾਰੇ ਇਸਰਾਏਲੀਆਂ ਲਈ ਦਿੱਤੇ ਹੁਕਮ ਵਿਚ ਕਿਹਾ ਗਿਆ ਸੀ, ''ਤੁਸੀਂ ਹਰ ਇਕ ਆਪਣੀ ਥਾਂ ਵਿਚ ਰਹੋ। ਕੋਈ ਆਪਣੇ ਵਾਸ ਤੋਂ ਸੱਬਤ ਤੇ ਬਾਹਰ ਨਾ ਜਾਵੇ'' (ਕੂਚ 16:29)। ਇਸ ਹੁਕਮ ਨਾਲ ਉਸ ਘਰਾਣੇ ਦੇ ਲੋਕਾਂ ਦੇ ਇਕੱਠੇ ਹੋਣ ਤੇ ਪਾਬੰਦੀ ਲੱਗ ਜਾਂਦੀ ਸੀ। ਲੇਵੀਆਂ 23:3 ਵਾਲਾ

''ਪਵਿੱਤਰ ਸਭਾ'' ''ਪੂਰੇ ਅਰਾਮ'' ਦੇ ਉਲਟ ਹੈ, ਜਿਸ ਦਾ ਅਰਥ ਇਹ ਹੋਣਾ ਚਾਹੀਦਾ ਹੈ ਕਿ ਪਵਿੱਤਰ ਸਭਾ ਅਰਾਮ ਲਈ ਇਕੱਠਾ ਹੋਣ ਲਈ ਪਰਿਵਾਰਕ ਸਮਾਂ ਸੀ।

## ਯਿਸੂ ਅਤੇ ਸੱਬਤ

ਯਿਸੂ ਸ਼ਰ੍ਹਾ ਦੇ ਮਤਹਿਤ ਪੈਦਾ ਹੋਇਆ ਸੀ (ਗਲਾਤੀਆਂ 4:4)। ਇਸ ਕਰਕੇ ਉਸ ਨੇ ਸ਼ਰ੍ਹਾ ਦੇ ਹੁਕਮਾਂ ਨੂੰ ਮੰਨਿਆ ਜਿਸ ਵਿਚ ਸੱਬਤ ਵੀ ਸ਼ਾਮਿਲ ਹੈ।

ਜਦ ਸੱਬਤ ਦੇ ਦਿਨ ਯਿਸੂ ਨੇ ਕਿਸੇ ਨੂੰ ਚੰਗਾ ਕੀਤਾ, ਤਾਂ ਯਹੂਦੀ ਪਰੇਸ਼ਾਨ ਹੋ ਗਏ ਸਨ ਕਿਉਂਕਿ ਉਹ ਉਨ੍ਹਾਂ ਦੀ ਰਵਾਇਤ ਮੁਤਾਬਕ ਸੱਬਤ ਨੂੰ ਪੂਰਾ ਨਹੀਂ ਕਰਦਾ ਸੀ। ਸੱਬਤ ਦਾ ਮਾਲਕ ਹੋਣ ਕਰਕੇ, ਉਹ ਸਤਵੇਂ ਦਿਨ ਅਰਾਮ ਦੇ ਅਰਥ ਨੂੰ ਸਮਝਦਾ ਸੀ। ਸੱਬਤ ਦੇ ਦਿਨ ਆਪਣੇ ਚੇਲਿਆਂ ਨੂੰ ਕਣਕ ਦੇ ਸਿੱਟੇ ਤੋੜ ਕੇ ਖਾਣ ਦੀ ਇਜਾਜ਼ਤ ਦੇ ਕੇ (ਮੱਤੀ 12:1-8; ਮਰਕੁਸ 2:23-28; ਲੂਕਾ 6:1-5) ਉਹ ''ਸੱਬਤ ਤੇ ਆਪਣੇ ਹੱਕ ਦਾ ਦਾਅਵਾ ਕਰ ਰਿਹਾ ਸੀ। ਇਸ ਦਿਨ ਨੂੰ ਫ਼ਰੀਸੀ ਨਹੀਂ ਸਗੋਂ ਉਹੀ ਸਹੀ ਢੰਗ ਨਾਲ ਚਲਾ ਸਕਦਾ ਸੀ।''[3]

ਸੱਬਤ ਵਾਲੇ ਦਿਨ, ਯਿਸੂ ਨੇ ਇਕ ਸੁੱਕੇ ਹੱਥ ਵਾਲੇ ਆਦਮੀ ਨੂੰ (ਮੱਤੀ 12:10-13; ਮਰਕੁਸ 3:1-5; ਲੂਕਾ 6:6-10); ਕੁਬੜੀ ਔਰਤ ਨੂੰ (ਲੂਕਾ 13:11-16); ਜਲੋਧਰ ਰੋਗ ਦੇ ਇਕ ਆਦਮੀ ਨੂੰ (ਲੂਕਾ 14:1-5); ਬਥਸੈਦਾ ਦੇ ਤਲਾਅ 'ਤੇ ਅਠੱਤੀ ਸਾਲਾਂ ਦੇ ਬੀਮਾਰ ਨੂੰ ਜਿਸ ਨੂੰ ਉਸ ਨੇ ਸੱਬਤ ਦੇ ਦਿਨ ਆਪਣਾ ਬਿਸਤਰ ਚੁੱਕ ਕੇ ਲੈ ਜਾਣ ਲਈ ਕਿਹਾ ਸੀ (ਯੂਹੰਨਾ 5:1-18; 7:19-23); ਅਤੇ ਇਕ ਅੰਨ੍ਹੇ ਆਦਮੀ ਨੂੰ (ਯੂਹੰਨਾ 9:1-7) ਵੀ ਚੰਗਾ ਕੀਤਾ ਸੀ। ਉਸ ਨੇ ਆਪਣੇ ਅਲੋਚਕਾਂ ਤੋਂ ਪੁੱਛਿਆ ਸੀ ਕਿ ਸੱਬਤ ਦੇ ਦਿਨ ਚੰਗਾ ਕਰਨਾ ਸਹੀ ਹੈ ਜਾਂ ਗ਼ਲਤ (ਮੱਤੀ 12:12)। ਉਸ ਨੇ ਐਲਾਨ ਕੀਤਾ ਕਿ ਸੱਬਤ ਇਨਸਾਨ ਵਾਸਤੇ ਬਣਾਇਆ ਗਿਆ ਸੀ ਨਾ ਕਿ ਇਨਸਾਨ ਸੱਬਤ ਦੇ ਦਿਨ ਲਈ (ਮਰਕੁਸ 2:27)।

ਯਿਸੂ ਨੇ ਸੱਬਤ ਦੇ ਦਿਨ ਹੀ ਲੋਕਾਂ ਨੂੰ ਚੰਗਾ ਨਹੀਂ ਕੀਤਾ ਸੀ ਸਗੋਂ ਉਨ੍ਹਾਂ ਨੂੰ ਸਤਵੇਂ ਦਿਨ ਯਹੂਦੀ ਸਿਨਾਗੋਗਾਂ (ਪ੍ਰਾਰਥਨਾ ਭਵਨਾਂ) ਵਿਚ ਸਿੱਖਿਆ ਵੀ ਦਿੱਤੀ ਸੀ (ਮਰਕੁਸ 1:21; 6:2; ਲੂਕਾ 4:16, 31; 6:6; 13:10)। ਪਰ ਯਿਸੂ ਅਤੇ ਯਹੂਦੀਆਂ ਵਿਚ ਝਗੜਾ ਇਸੇ ਕਰਕੇ ਹੋਇਆ, ਕਿਉਂਕਿ ਉਸ ਨੇ ਫ਼ਰੀਸੀਆਂ ਦੀਆਂ ਰੀਤਾਂ ਨੂੰ ਤੋੜਿਆ ਸੀ। ''ਫ਼ਰੀਸੀ ਦੱਸਣ ਦੀ ਕੋਸ਼ਿਸ਼ ਕਰਦੇ ਸਨ ਕਿ ਸੱਬਤ ਦੇ ਦਿਨ ਕੀ ਕੀਤਾ ਜਾ ਸਕਦਾ ਸੀ ਅਤੇ ਕੀ ਨਹੀਂ। ਮਿਸ਼. *ਸ਼ੱਬਥ* vii. 2 ਵਿਚ ਸੱਬਤ ਦੇ ਦਿਨ ਉਨਤਾਲੀ ਮੁੱਖ ਕਾਰਜਾਂ ਦੀ ਸੂਚੀ ਹੈ, ...।''[4]

ਯਿਸੂ ਅਤੇ ਉਸ ਦੇ ਚੇਲਿਆਂ ਨੇ ਫ਼ਰੀਸੀਆਂ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਦੀ ਸੂਚੀ ਦੀ ਉਲੰਘਣਾ ਕੀਤੀ ਸੀ: ਕਣਕ ਦੇ ਸਿੱਟੇ ਤੋੜਨ ਦੀ ਮਨਾਹੀ ਸੀ (ਮਰਕੁਸ 2:23, 24)। ਅਜਿਹੇ ਬੰਦੇ ਨੂੰ ਮਦਦ ਜਾਂ ਚੰਗਾਈ ਨਹੀਂ ਦਿੱਤੀ ਜਾ ਸਕਦੀ ਸੀ ਜਿਸ ਦੇ ਮਰਨ ਦਾ ਖ਼ਤਰਾ ਨਾ ਹੋਵੇ (ਮਰਕੁਸ 3:1); ਅਤੇ ਚੀਜ਼ਾਂ ਨਹੀਂ ਲਿਜਾਈਆਂ ਜਾਂਦੀਆਂ ਸਨ (ਯੂਹੰਨਾ 5:9, 10)।[5] ਅਜਿਹੇ ਮਾਮਲੇ ਸਾਹਮਣੇ ਆਉਣ ਤੇ ਯਿਸੂ ਦਾ ਜਵਾਬ ਸੀ ਕਿ ਉਹ ਸੱਬਤ ਦੇ ਦਿਨ ਚੰਗਾ ਕਰ ਸਕਦਾ ਹੈ ਅਤੇ ਉਸਦਾ ਪਿਤਾ ਵੀ ਕੰਮ ਕਰਦਾ ਹੈ (ਯੂਹੰਨਾ 5:17)।

ਭਲਾ ਯਿਸੂ ਨੇ ਸੰਕੇਤ ਦਿੱਤਾ ਕਿ ਮਸੀਹੀ ਲੋਕਾਂ ਲਈ ਸੱਬਤ ਦਾ ਦਿਨ ਮਨਾਉਣਾ ਜ਼ਰੂਰੀ ਸੀ? ਕਈਆਂ ਦਾ ਦਾਅਵਾ ਹੁੰਦਾ ਹੈ, ਕਿ ਆਪਣੇ ਚੇਲਿਆਂ ਨੂੰ ਕਿ ''ਤੁਸੀਂ ਪ੍ਰਾਰਥਨਾ ਕਰੋ ਜੋ ਤੁਹਾਡਾ ਭੱਜਣਾ ਸਿਆਲ ਵਿਚ ਯਾ ਸੱਬਤ ਦੇ ਦਿਨ ਨਾ ਹੋਵੇ'' (ਮੱਤੀ 24:20) ਕਹਿਣ ਦਾ

ਉਸਦਾ ਇਹੀ ਮਕਸਦ ਸੀ। ਯਿਸੂ ਨੇ ਇਹ ਵਿਸਥਾਰ ਵਿਚ ਨਹੀਂ ਦੱਸਿਆ ਕਿ ਉਸਨੇ ਕਿਉਂ ਕਿਹਾ, ਸੋ ਅਸੀਂ ਸਿਰਫ਼ ਅੰਦਾਜ਼ਾ ਲਾ ਸਕਦੇ ਹਾਂ। ਭਲਾ ''ਸੱਬਤ ਦੇ ਦਿਨ ਦੀ ਵਾਟ'' ਨਾਲ ਜੁੜੀ ਰਵਾਇਤ ਉਨ੍ਹਾਂ ਨੂੰ ਕਿਸੇ ਫ਼ਾਸਲੇ ਤਕ ਜਾਣ ਤੋਂ ਰੋਕਦੀ ਸੀ, ਜਾਂ ਸੱਬਤ ਦੇ ਦਿਨ ਯਰੂਸ਼ਲਮ ਦੇ ਫਾਟਕ ਬੰਦ ਹੋਣ ਕਰਕੇ ਉਨ੍ਹਾਂ ਦਾ ਬਚਾਅ ਨਹੀਂ ਹੋਣਾ ਸੀ? ਇਕ ਕਰਕੇ ਇਹ ਹੋ ਸਕਦਾ ਹੈ ਕਿ ਇਸ ਹਾਲਤ ਵਿਚ ਮਸੀਹੀ ਲੋਕਾਂ ਨੂੰ ਗੰਭੀਰ ਖ਼ਤਰਾ ਹੋ ਸਕਦਾ ਸੀ। ਯਹੂਦੀ ਲੋਕ ਕਿਸੇ ਵੀ ਅਜਿਹੇ ਸ਼ਖ਼ਸ 'ਤੇ ਪਥਰਾਅ ਕਰ ਸਕਦੇ ਸਨ ਜਿਸ ਨੇ ਸੱਬਤ ਦੇ ਦਿਨ ਭਾਰ ਚੁੱਕਿਆ ਹੋਵੇ, ਜਿਵੇਂ ਸੱਬਤ ਦੇ ਦਿਨ ਲੱਕੜਾਂ ਚੁੱਕਣ ਵਾਲੇ ਆਦਮੀ ਨੂੰ ਪੱਥਰ ਮਾਰ-ਮਾਰ ਕੇ ਮਾਰ ਦਿੱਤਾ ਗਿਆ ਸੀ (ਗਿਣਤੀ 15:32, 36)।

> ''ਯਹੋਵਾਹ ਇਉਂ ਫ਼ਰਮਾਉਂਦਾ ਹੈ, ਤੁਸੀਂ ਆਪਣੀਆਂ ਜਾਨਾਂ ਲਈ ਖ਼ਬਰਦਾਰ ਹੋਵੋ ਅਤੇ ਸੱਬਤ ਦੇ ਦਿਨ ਕੋਈ ਭਾਰ ਨਾ ਚੁੱਕੋ ਅਤੇ ਨਾ ਯਰੂਸ਼ਲਮ ਦੇ ਫ਼ਾਟਕਾਂ ਦੇ ਵਿਚ ਹੀ ਅੰਦਰ ਲਿਆਓ। ਨਾ ਤੁਸੀਂ ਸੱਬਤ ਦੇ ਦਿਨ ਆਪਣੇ ਘਰਾਂ ਤੋਂ ਭਾਰ ਚੁੱਕ ਕੇ ਬਾਹਰ ਜਾਓ ਅਤੇ ਕੋਈ ਕੰਮ ਧੰਦਾ ਕਰੋ। ਤੁਸੀਂ ਸੱਬਤ ਦੇ ਦਿਨ ਨੂੰ ਪਵਿੱਤਰ ਮੰਨੋ ਜਿਵੇਂ ਮੈਂ ਤੁਹਾਡੇ ਪਿਓ ਦਾਦਿਆਂ ਨੂੰ ਹੁਕਮ ਦਿੱਤਾ ਸੀ'' (ਯਿਰਮਿਯਾਹ 17:21, 22)।

ਮਸੀਹੀ ਲੋਕਾਂ ਨੂੰ ਸੱਬਤ ਦੇ ਦਿਨ ਜਾਂ ਸਿਆਲ ਵਿਚ ਦੌੜਨਾ ਪੈਂਦਾ ਤਾਂ ਉਨ੍ਹਾਂ ਦੀ ਹਾਲਤ ਹੋਰ ਵੀ ਮਾੜੀ ਹੋ ਜਾਣੀ ਸੀ। ਸਿਆਲ ਦੇ ਮੌਸਮ ਵਿਚ ਠੰਢ, ਬਾਰਿਸ਼ ਜਾਂ ਸ਼ਾਇਦ ਬਰਫ਼ ਵੀ ਪੈ ਸਕਦੀ ਸੀ। ਜਦਕਿ ਸੱਬਤ ਦੇ ਦਿਨ ਦੀਆਂ ਯਹੂਦੀਆਂ ਦੀਆਂ ਰਵਾਇਤਾਂ ਅਤੇ ਸ਼ਰ੍ਹਾ ਨੂੰ ਮੰਨਣ ਤੋਂ ਰੋਕ ਸਕਦੀਆਂ ਸਨ।

ਸਿਆਲ ਵਿਚ ਜਾਂ ਸੱਬਤ ਦੇ ਦਿਨ ਨੱਸਣ ਦੀ ਮੁਸ਼ਕਿਲ ਬਾਰੇ ਆਰ. ਸੀ. ਐੱਚ. ਲੈਂਸਕੀ ਦਾ ਕਹਿਣਾ ਸੀ:

> ... ਫ਼ਲਸਤੀਨੀ ਸਿਆਲ ਜਾਂ ਸਿੱਲ੍ਹ ਅਤੇ ਇਹ ਸੰਭਾਵਨਾ ਕਿ ''ਤੁਹਾਡਾ ਭੱਜਣਾ'' ਉਸ ਮੌਸਮ ਵਿਚ ਹੋ ਸਕਦਾ ਹੈ। ਜਾਂ ''ਸੱਬਤ'' ਦੇ ਦਿਨ ਹੋ ਸਕਦਾ ਹੈ ਜਦ ਦੇਸ਼ ਵਿਚ ਕੱਟੜ ਯਹੂਦੀਆਂ ਦੀ ਭਰਮਾਰ ਹੋਵੇ, ਜੋ ਸੱਬਤ ਦੇ ਸੰਭਾਵਿਤ ਅਪਵਿੱਤਰ ਕਰਨ ਦੀ ਗੱਲ ਤੋਂ ਖਿਝ ਜਾਣ। ਇਹ ਵਿਚਾਰ ਸਬੂਤ ਦੇ ਬਗ਼ੈਰ ਹੈ ਕਿ ਇਸ ਵਕਤ ਮਸੀਹੀ ਲੋਕ ਯਹੂਦੀ ਨਿਅਮਾਂ ਨੂੰ ਮੰਨ ਰਹੇ ਹੋਣਗੇ, ਜਿਸ ਵਿਚ ਸੱਬਤ ਦੇ ਦਿਨ ਬਾਰੇ ਨਿਅਮ ਹੀ ਸ਼ਾਮਿਲ ਹੈ।[6]

ਡੀ. ਏ. ਕਾਰਸਨ ਨੇ ਲਿਖਿਆ ਹੈ:

> ਇਸ ਦਾ ਅਰਥ ਇਹ ਨਾ ਲਿਆ ਜਾਵੇ ਕਿ ਯਿਸੂ ਨੇ ਆਪਣੇ ਚੇਲਿਆਂ ਨੂੰ ਸਿਖਾਇਆ ਕਿ ਕਿਸੇ ਵੀ ਤਰ੍ਹਾਂ ਦਾ ਸਫ਼ਰ, ਜਿਸ ਵਿਚ ਸੱਬਤ ਦੇ ਦਿਨ ਦੀ ਵਾਟ ਦਾ ਬਚਾਅ ਵੀ ਸ਼ਾਮਿਲ ਸੀ। ਉਹ ਇਹ ਸੁਝਾਅ ਨਹੀਂ ਦਿੰਦਾ ਕਿ ਉਹ ਸੱਬਤ ਦੇ ਦਿਨ ਦੌੜਨ ਨਾ, ਪਰ ਪਹਿਲਾਂ ਤੋਂ ਹੀ ਇਹ ਅੰਦਾਜ਼ਾ ਲਾ ਕੇ ਕਿ ਉਹ ਦੌੜਨਗੇ, ਉਹ ਉਨ੍ਹਾਂ ਨੂੰ ਇਹ ਦੁਆ ਕਰਨ ਦਾ ਸੁਝਾਅ ਦਿੰਦਾ ਹੈ ਕਿ ਉਨ੍ਹਾਂ ਦਾ ਨੱਸਣਾ ਕਿਸੇ ਹੋਰ ਦਿਨ ਹੋਵੇ। ਦੁੱਧ

> ਪਿਆਉਣ ਵਾਲੀਆਂ ਮਾਵਾਂ (24:19) ਅਤੇ ਸਿਆਲ ਦੀਆਂ ਬਰਸਾਤਾਂ ਅਤੇ ਠੰਢ (24:20) ਕਰਕੇ ਸੱਬਤ ਲਈ ਨਿਅਮਾਂ ਲਈ ਰੁਕਾਵਟ ਆ ਸਕਦੀ ਸੀ ਅਤੇ ਉਨ੍ਹਾਂ ਦੀ ਜਾਨ ਵੀ ਜਾ ਸਕਦੀ ਸੀ, ਕਿਉਂਕਿ ਸ਼ਹਿਰ ਦੇ ਫਾਟਕ ਬੰਦ ਹੋਣੇ ਸਨ, ਦੁਕਾਨਾਂ ਬੰਦ ਹੋਣੀਆਂ ਸਨ ਅਤੇ ਸੱਬਤ ਦੇ ਦਿਨ ਜਿੰਨਾ ਚੱਲਣ ਦੀ ਇਜਾਜ਼ਤ ਸੀ ਉਸ ਤੋਂ ਵੱਧ ਚੱਲਣ ਦੀ ਕੋਸ਼ਿਸ਼ ਕਰਨ ਵਾਲੇ ਲਈ ਅੜਚਣ ਆਉਣੀ ਸੀ।[7]

ਜੇ ਇਸ ਕਥਨ ਨਾਲ ਇਹ ਸਾਬਤ ਕੀਤਾ ਜਾ ਸਕਦਾ ਹੈ ਕਿ ਯਿਸੂ ਨੇ ਇਸ਼ਾਰਾ ਕੀਤਾ ਸੀ ਕਿ ਮਸੀਹੀ ਲੋਕਾਂ ਨੂੰ ਸੱਬਤ ਦਾ ਦਿਨ ਮਨਾਉਣਾ ਚਾਹੀਦਾ ਹੈ ਪਰ ਅਜਿਹੇ ਸਬੂਤ ਤੋਂ ਸਿਰਫ਼ ਇਹੀ ਸਾਬਿਤ ਹੋਵੇਗਾ ਕਿ ਸੱਬਤ ਦੇ ਦਿਨ ਦਾ ਕੋਈ ਕੰਮ ਕੀਤਾ ਜਾਵੇ ਅਤੇ ਨਾ ਕੋਈ ਸਫ਼ਰ। ਇਸ ਤੋਂ ਇਹ ਸਾਬਿਤ ਨਹੀਂ ਹੋਵੇਗਾ ਕਿ ਮਸੀਹੀ ਲੋਕਾਂ ਨੂੰ ਸੱਬਤ ਦੇ ਦਿਨ ਬੰਦਗੀ ਕਰਨੀ ਚਾਹੀਦੀ ਹੈ, ਕਿਉਂਕਿ ਇਹ ਕਥਨ ਸੱਬਤ ਦੇ ਦਿਨ ਚੱਲਣ ਬਾਰੇ ਹੈ, ਬੰਦਗੀ ਬਾਰੇ ਨਹੀਂ। ਇਸ ਤੋਂ ਐਨਾ ਹੀ ਸਾਬਿਤ ਹੋਵੇਗਾ ਕਿ ਸੱਬਤ ਦਾ ਦਿਨ ਯਹੂਦੀ ਮਸੀਹੀਆਂ ਲਈ ਸੀ; ਗ਼ੈਰਕੌਮਾਂ ਵਿੱਚੋਂ ਆਏ ਮਸੀਹੀ ਲੋਕਾਂ ਲਈ ਨਹੀਂ। ਸੱਬਤ ਦਾ ਦਿਨ ਯਹੂਦੀਆਂ ਦੀ ਸ਼ਰ੍ਹਾ ਦਾ ਹਿੱਸਾ ਸੀ, ਨਾ ਕਿ ਇਸਰਾਏਲ ਦੇ ਬਾਹਰ ਰਹਿਣ ਵਾਲੇ ਲੋਕਾਂ ਤੇ ਲਾਗੂ ਸ਼ਰ੍ਹਾ ਦਾ।

ਸੱਬਤ ਦਾ ਦਿਨ ਹਮੇਸ਼ਾ ਨਹੀਂ ਰਹਿਣਾ ਸੀ। ਇਸਰਾਏਲ ਬਾਰੇ ਹੋਸ਼ੇਆ ਦੇ ਰਾਹੀਂ ਖ਼ੁਦਾ ਨੇ ਨਬੂਵਤ ਕੀਤੀ ਕਿ ''ਮੈਂ ਉਹਦੀ ਸਾਰੀ ਖੁਸ਼ੀ ਮੁਕਾ ਦਿਆਂਗਾ, ਉਹਦੇ ਪਰਬ, ਉਹ ਦੀਆਂ ਅੱਮਸਿਆ, ਉਹਦੇ ਸੱਬਤ, ਅਤੇ ਉਹਦੇ ਸਭ ਮਿਥੇ ਹੋਏ ਪਰਬ'' (ਹੋਸ਼ੇਆ 2:11)। ਹੋ ਸਕਦਾ ਹੈ ਕਿ ਰੋਮੀ ਫ਼ੌਜ ਵੱਲੋਂ ਇਸਰਾਏਲੀਆਂ ਨੂੰ ਹਰਾਉਣ ਅਤੇ ਯਰੂਸ਼ਲਮ ਦੇ ਢਾਹੇ ਜਾਣ ਵੇਲੇ ਇਹ ਨਬੂਵਤ ਪੂਰੀ ਹੋ ਗਈ ਹੋਵੇ (70ਈਸਵੀ)।

## ਰਸੂਲਾਂ ਦੇ ਕੰਮ ਵਿਚ ਸੱਬਤ

ਰਸੂਲਾਂ ਦੇ ਕੰਮ ਦੇ ਪਹਿਲੇ 13 ਅਧਿਆਇਆਂ ਵਿਚ ਸੱਬਤ ਦਾ ਇੱਕੋ ਵਾਰ ਜ਼ਿਕਰ ''ਸੱਬਤ ਦੇ ਦਿਨ ਦੇ ਫ਼ਾਸਲੇ'' (ਰਸੂਲਾਂ ਦੇ ਕੰਮ 1:12) ਨਾਮਕ ਇਕ ਹਵਾਲੇ ਵਿਚ ਹੈ ਜਿਹੜਾ ਸੱਬਤ ਦੇ ਦਿਨ ਤੀਹ ਮੀਲ ਤੋਂ ਵੱਧ ਜਾਂ ਖ਼ਾਸ ਹਲਾਤਾਂ ਵਿਚ ਉਸ ਤੋਂ ਦੁਗਣੇ ਫ਼ਾਸਲੇ ਦਾ ਸਫ਼ਰ ਨਾ ਕਰਨ ਦੀ ਯਹੂਦੀਆਂ ਦੀ ਰਿਵਾਇਤ ਸੀ। ਰਸੂਲਾਂ ਦੇ ਕੰਮ ਵਿਚ ਜਾਂ ਨਵੇਂ ਨੇਮ ਦੀ ਕਿਸੇ ਹੋਰ ਕਿਤਾਬ ਵਿਚ ਅਜਿਹਾ ਕੋਈ ਹੋਰ ਵਾਕਿਆ ਨਹੀਂ ਹੈ ਜੋ ਸੰਕੇਤ ਦਿੰਦਾ ਹੋਵੇ ਕਿ ਮਸੀਹੀ ਲੋਕ ਸੱਬਤ ਦੇ ਦਿਨ ਅਰਾਮ ਕਰਦੇ ਸਨ ਜਾਂ ਬੰਦਗੀ ਲਈ ਇਕੱਠੇ ਹੁੰਦੇ ਸਨ।

ਪੌਲੁਸ ਸੱਬਤ ਦੇ ਦਿਨ ਸਿਨਾਗੋਗਾਂ ਵਿਚ ਪ੍ਰਚਾਰ ਕਰਦਾ ਸੀ, ਕਿਉਂਕਿ ਉਹ ਯਹੁਦੀਆਂ ਦੇ ਮਿਲਣ ਦੀ ਥਾਂ ਅਤੇ ਦਿਨ ਸੀ (ਰਸੂਲਾਂ ਦੇ ਕੰਮ 13:14, 42, 44; 16:13; 17:2; 18:4)। ਪਰ, ਸਾਨੂੰ ਅਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਉਹ ਸੱਬਤ ਦੇ ਦਿਨ ਕਲੀਸੀਆ ਨੂੰ ਮਿਲਦਾ ਹੋਵੇ ਜਾਂ ਕਲੀਸੀਆ ਸੱਬਤ ਦੇ ਦਿਨ ਮਿਲਦੀ ਹੋਵੇ। ਸੱਬਤ ਦੇ ਦਿਨ ਮੂਸਾ ਅਤੇ ਨਬੀਆਂ ਦੀਆਂ ਕਿਤਾਬਾਂ ਵਿੱਚੋਂ ਪੜ੍ਹਨ ਦੇ ਯਹੂਦੀ ਰਵਾਇਤ ਦੇ ਅੰਦਾਜ਼ੇ ਲਗਾਏ ਜਾਂਦੇ ਹਨ (ਰਸੂਲਾਂ ਦੇ ਕੰਮ 15:21; ਵੇਖੋ 13:27)।

ਪੌਲੁਸ ਅਤੇ ਬਰਨਾਬਾਸ ਯਰੂਸ਼ਲਮ ਵਿਚ ਰਸੂਲਾਂ ਅਤੇ ਬਜ਼ੁਰਗਾਂ ਤੋਂ ਇਹ ਜਾਣਨ ਨੂੰ ਮਿਲਣ ਗਏ ਕਿ ਪਰਾਈਆਂ ਕੌਮਾਂ ਤੋਂ ਆਏ ਮਸੀਹੀ ਲੋਕਾਂ ਲਈ ਯਹੂਦੀ ਸ਼ਰ੍ਹਾ ਨੂੰ ਮੰਨਣਾ

ਜ਼ਰੂਰੀ ਹੈ (ਰਸੂਲਾਂ ਦੇ ਕੰਮ 15:1, 2)। ਯਹੂਦੀਆਂ ਤੋਂ ਮਸੀਹੀ ਬਣੇ ਕੁਝ ਲੋਕ, ਗ਼ੈਰਕੌਮਾਂ ਬਾਰੇ ਦਾਅਵਾ ਕਰਦੇ ਸਨ ਕਿ ''ਉਨ੍ਹਾਂ ਦੀ ਸੁੰਨਤ ਕਰਨੀ ਅਤੇ ਮੂਸਾ ਦੀ ਸ਼ਰ੍ਹਾ ਨੂੰ ਮੰਨਣ ਦਾ ਹੁਕਮ ਦੇਣਾ ਚਾਹੀਦਾ ਹੈ'' (ਰਸੂਲਾਂ ਦੇ ਕੰਮ 15:5)। ਕੁਝ ਵਿਚਾਰ ਦੇ ਬਾਅਦ ਪਤਰਸ ਨੇ ਕਿਹਾ, ''ਹੁਣ ਕਿਉਂ ਤੁਸੀਂ ਪਰਮੇਸ਼ੁਰ ਨੂੰ ਪਰਤਾਉਂਦੇ ਹੋ ਕਿ ਚੇਲਿਆਂ ਦੀ ਧੌਣ ਤੇ ਜੂਲਾ ਰੱਖੋ ਜਿਹਨੂੰ ਨਾ ਸਾਡੇ ਪਿਉ ਦਾਦੇ, ਨਾ ਅਸੀਂ ਚੁੱਕ ਸਕੇ?'' (ਰਸੂਲਾਂ ਦੇ ਕੰਮ 15:10)। ਪਤਰਸ ਨੇ ਯਕੀਨਨ ਹੀ ਸ਼ਰ੍ਹਾ ਅਤੇ ਸੁੰਨਤ ਦੇ ਜੂਲੇ ਦੀ ਗੱਲ ਕੀਤੀ ਹੋਵੇਗੀ, ਜਿਸ ਨਾਲ ਕੁਝ ਸੁੰਨਤ ਕੀਤੇ ਹੋਏ ਮਸੀਹੀ ਗ਼ੈਰਕੌਮੀ ਮਸੀਹੀਆਂ 'ਤੇ ਮੜ੍ਹਨ ਦੀ ਕੋਸ਼ਿਸ਼ ਕਰ ਰਹੇ ਸਨ।

ਇਹ ਜ਼ੋਰ ਦੇਣ ਵਾਲਿਆਂ ਦੇ ਜਵਾਬ ਵਿਚ ਕਿ ਗ਼ੈਰ ਕੌਮਾਂ ਦੀ ਸੁੰਨਤ ਹੋਣੀ ਅਤੇ ਮੂਸਾ ਦੀ ਸ਼ਰ੍ਹਾ ਨੂੰ ਮੰਨਣਾ ਜ਼ਰੂਰੀ ਹੈ, ਯਾਕੂਬ ਦੇ ਸੁਝਾਅ ਨਾਲ ਲਿਖੇ ਖਤਾਂ ਵਿਚ (ਰਸੂਲਾਂ ਦੇ ਕੰਮ 15:5) ਕਿਹਾ ਗਿਆ, ''ਅਸੀਂ ਆਗਿਆ ਨਹੀਂ ਦਿੱਤੀ ਸੀ'' (ਰਸੂਲਾਂ ਦੇ ਕੰਮ 15:24)। ਇਸ ਵਿਚ ਅੱਗੇ ਕਿਹਾ ਗਿਆ, ''ਕਿਉਂਕਿ ਪਵਿੱਤਰ ਆਤਮਾ ਨੇ ਅਤੇ ਅਸਾਂ ਚੰਗਾ ਜਾਣਿਆ ਜੋ ਇਨ੍ਹਾਂ ਜ਼ਰੂਰੀ ਗੱਲਾਂ ਤੋਂ ਬਿਨਾ ਤੁਹਾਡੇ ਉੱਤੇ ਹੋਰ ਕੁਝ ਭਾਰ ਨਾ ਪਾਈਏ'' (ਰਸੂਲਾਂ ਦੇ ਕੰਮ 15:28)। ਸ਼ਰ੍ਹਾ ਦੀਆਂ ਕੁਝ ਹੀ ਪਾਬੰਦੀਆਂ ਨੂੰ ਮੰਨਣ ਲਈ ਕਿਹਾ ਗਿਆ ਸੀ। ਉਨ੍ਹਾਂ ਵਿਚ ਸੁੰਨਤ, ਪੂਰੀ ਸ਼ਰ੍ਹਾ ਜਾਂ ਸੱਬਤ ਦੇ ਦਿਨ ਨੂੰ ਮੰਨਣਾ ਸ਼ਾਮਿਲ ਨਹੀਂ ਸੀ। ਇਹ ਸਾਫ਼ ਸੰਕੇਤ ਹੈ ਕਿ ਰਸੂਲਾਂ, ਯਰੂਸ਼ਲਮ ਦੇ ਬਜ਼ੁਰਗਾਂ ਜਾਂ ਪਵਿੱਤਰ ਆਤਮਾ ਨੇ ਗ਼ੈਰਕੌਮ ਮਸੀਹੀਆਂ ਨੂੰ ਨਾ ਤਾਂ ਇਸਰਾਏਲ ਨੂੰ ਦਿੱਤੀ ਖ਼ੁਦਾ ਦੀ ਪੂਰੀ ਸ਼ਰ੍ਹਾ ਅਤੇ ਨਾ ਹੀ ਸੱਬਤ ਨੂੰ ਮੰਨਣ ਦਾ ਹੁਕਮ ਦਿੱਤਾ ਸੀ। ਪੌਲੁਸ ਅਤੇ ਬਰਨਾਬਾਸ ਗ਼ੈਰਕੌਮ ਮਸੀਹੀਆਂ ਤੇ ਯਹੂਦੀ ਰਵਾਇਤਾਂ ਨੂੰ ਮੜ੍ਹਨ ਕਰਕੇ ਬੇਕਸੂਰ ਠਹਿਰੇ ਸਨ।

## ਪੌਲੁਸ ਦੇ ਲੇਖਾਂ ਵਿਚ ਸੱਬਤ

ਪੌਲੁਸ ਨੇ ਆਪਣੇ ਲੇਖਾਂ ਵਿਚ ਇਸ ਗੱਲ ਦੀ ਤਸਦੀਕ ਕੀਤੀ ਕਿ ਸ਼ਰ੍ਹਾ ਮਿਟ ਚੁੱਕੀ ਹੈ।[8] ਉਸਨੇ ਇਹ ਵੀ ਸੰਕੇਤ ਦਿੱਤਾ ਕਿ ਮਸੀਹੀ ਲੋਕਾਂ ਨੂੰ ਖ਼ਾਸ ਦਿਨਾਂ ਅਤੇ ਯਹੂਦੀਆਂ ਦੇ ਸੱਬਤ ਨੂੰ ਮਨਾਉਣ ਦੀ ਲੋੜ ਨਹੀਂ ਹੈ।

ਗਲਾਤੀਆ ਦੇ ਮਸੀਹੀ ਲੋਕਾਂ ਦੇ ਨਾਂਅ ਲਿਖਦਿਆਂ ਉਸ ਨੇ ਕਿਹਾ ਕਿ ਆਦਮੀ ''ਸ਼ਰ੍ਹਾ ਦੇ ਕੰਮਾਂ ਤੋਂ ਧਰਮੀ'' ਨਹੀਂ ਠਹਿਰਾਇਆ ਜਾਂਦਾ (ਗਲਾਤੀਆਂ 2:16); ''ਮੈਂ ਸ਼ਰ੍ਹਾ ਦੇ ਵੱਲੋਂ ਮੋਇਆ'' (ਗਲਾਤੀਆਂ 2:19); ''ਜਿੰਨੇ ਸ਼ਰ੍ਹਾ ਦੇ ਕੰਮਾਂ ਉੱਤੇ ਭਰੋਸਾ ਰੱਖਦੇ ਹਨ ਉਹ ਸਰਾਪ ਦੇ ਹੇਠਾਂ ਹਨ'' (ਗਲਾਤੀਆਂ 3:10)। ''ਪਰਮੇਸ਼ੁਰ ਦੇ ਅੱਗੇ ਸ਼ਰ੍ਹਾ ਤੋਂ ਧਰਮੀ ਕੋਈ ਨਹੀਂ ਠਹਿਰਦਾ'' (ਗਲਾਤੀਆਂ 3:11)। ''ਉਹ ... ਨਾਲ ਰਲਾਈ ਗਈ ਕਿ ਜਿੰਨਾ ਚਿਰ ਉਹ ਅੰਸ ... ਨਾ ਆਵੇ ਉਹ ਬਣੀ ਰਹੇ'' (3:19); ''ਅਸੀਂ ਅਗਾਹਾਂ ਨੂੰ ਨਿਗਾਹਬਾਨ [ਸ਼ਰ੍ਹਾ] ਦੇ ਮਤਹਿਤ ਨਹੀਂ ਹਾਂ'' (3:25); ''ਗ਼ੁਲਾਮੀ ਦੇ ਜੂਲੇ [ਸ਼ਰ੍ਹਾ] ਹੇਠਾਂ ਮੁੜ ਕੇ ਨਾ ਜੁੱਪੋ'' (4:21-31 ਦੇ ਹਵਾਲੇ 'ਚ, 5:1); ''ਤੁਸੀਂ ਜੋ ਸ਼ਰ੍ਹਾ ਨਾਲ ਧਰਮੀ ਬਣਨਾ ਚਾਹੁੰਦੇ ਹੋ, ਤੁਸੀਂ ਕਿਰਪਾ ਤੋਂ ਡਿੱਗ ਗਏ ਹੋ'' (ਗਲਾਤੀਆਂ 5:4) ਅਤੇ ''ਸ਼ਰ੍ਹਾ ਦੇ ਮਤਹਿਤ ਨਹੀਂ ਹੋ'' (ਗਲਾਤੀਆਂ 5:18)।

ਪੌਲੁਸ ਦੀਆਂ ਲਿਖੀਆਂ ਗੱਲਾਂ ਦੇ ਹਵਾਲੇ 'ਚ, ''ਤੁਸੀਂ ਦਿਨਾਂ ਅਤੇ ਮਹੀਨਿਆਂ ਅਤੇ ਸਮਿਆਂ ਅਤੇ ਵਰ੍ਹਿਆਂ ਨੂੰ ਮੰਨਦੇ ਹੋ! ਤੁਹਾਡੇ ਲਈ ਮੈਂ ਡਰਦਾ ਹਾਂ ਭਈ ਕਿਤੇ ਐਉਂ ਨਾ ਹੋਵੇ

ਜੋ ਮੈਂ ਤੁਹਾਡੇ ਲਈ ਐਵੇਂ ਮਿਹਨਤ ਕੀਤੀ ਹੋਵੇ'' (ਗਲਾਤੀਆਂ 4:10, 11)। ਗਲਾਤੀਆਂ ਦੀ ਕਿਤਾਬ ਵਿਚ ਪੌਲੁਸ ਦਾ ਧਿਆਨ ਯਹੂਦੀ ਰਵਾਇਤਾਂ ਤੇ ਸੀ, ਇਸ ਲਈ ਉਹ ਜ਼ਰੂਰ ਹੀ ਕਿਸੇ ਮੂਰਤੀਪੂਜਕ ਖ਼ਾਸ ਦਿਨਾਂ ਦੀ ਨਹੀਂ ਬਲਕਿ ਯਹੂਦੀ ਦਿਨਾਂ ਦੀ ਗੱਲ ਕਰ ਰਿਹਾ ਹੋਏਗਾ।

''ਦਿਨਾਂ ਅਤੇ ਮਹੀਨਿਆਂ ਅਤੇ ਸਮਿਆਂ ਅਤੇ ਵਰ੍ਹਿਆਂ'' ਯਹੂਦੀ ਧਾਰਮਿਕ ਪਰਬਾਂ ਨੂੰ ਹੀ ਕਿਹਾ ਗਿਆ ਹੋਵੇਗਾ, ਕਿਉਂਕਿ ਗਲਾਤੀਆਂ ਵਿਚ ਪੌਲੁਸ ਦਾ ਵਿਰੋਧ ਕਰਨ ਵਾਲੇ ਯਹੂਦੀ ਪੰਥ ਚੋਂ ਆਉਣ ਵਾਲੇ ਲੋਕ ਹੀ ਸਨ। ਜੇ ਇਹ ਗੱਲ ਹੈ ਤਾਂ ''ਦਿਨ'' ਸੱਬਤ ਅਤੇ ਹੋਰ ਪਰਬ ਇਕ ਦਿਨ ਹੀ ਮਨਾਏ ਜਾਣ ਵਾਲੇ ਬਾਕੀ ਪਰਬਾਂ ਨੂੰ ਕਿਹਾ ਗਿਆ ਹੋ ਸਕਦਾ ਹੈ, ਜਦ ਕਿ ''ਮਹੀਨਿਆਂ'' ਦਾ ਅਰਥ ਮਾਸਿਕ ਜਸ਼ਨ ਹੀ ਹੋ ਸਕਦਾ ਹੈ (ਜਿਵੇਂ ਨਵੇਂ ਚੰਨ; ਵੇਖੋ ਗਿਣਤੀ 10:10)।[9]

> ਗਲਾਤੀਆਂ ਵਿਚ ਪਾਏ ਜਾਣ ਵਾਲੇ ਸੰਘਰਸ਼ ਦੇ ਨਜ਼ਰੀਏ ਤੋਂ ਕਿ ਜਿਨ੍ਹਾਂ ਗੱਲਾਂ ਨੂੰ ਮੰਨਣ ਲਈ ਗਲਾਤੀਆਂ ਦੇ ਲੋਕ ਤਿਆਰ ਹੋ ਗਏ ਸਨ, ਉਹ ਯਹੂਦੀ ਪਰਬ ਹੀ ਸਨ। ''ਦਿਨਾਂ'' ਸੱਬਤ ਦੇ ਦਿਨਾਂ ਦੇ ਨਾਲ ਉਨ੍ਹਾਂ ਪਰਬਾਂ ਨੂੰ ਆਖਿਆ ਗਿਆ ਹੋਵੇਗਾ ਜੋ ਕੈਲੰਡਰ ਵਿਚ ਖ਼ਾਸ ਤਰੀਕਾਂ ਤੇ ਆਉਂਦੇ ਸਨ।[10]

ਪੌਲੁਸ ਗਲਾਤੀਆ ਦੇ ਮਸੀਹੀ ਲੋਕਾਂ ਨੂੰ ਯਾਦ ਕਰਵਾ ਰਿਹਾ ਸੀ ਕਿ ਉਹ ਸ਼ਰ੍ਹਾ ਤੋਂ ਛੁੱਟ ਗਏ ਹਨ ਅਤੇ ਉਨ੍ਹਾਂ ਨੂੰ ਯਹੂਦੀਆਂ ਦੇ ਪਵਿੱਤਰ ਦਿਨ ਮਨਾਉਣ ਦੀ ਲੋੜ ਨਹੀਂ ਹੈ।

ਕੁਲੁੱਸੇ ਦੇ ਮਸੀਹੀ ਲੋਕਾਂ ਨੂੰ ਵੀ ਉਹਨੇ ਅਜਿਹੀ ਹੀ ਹਦਾਇਤ ਕੀਤੀ:

> ਇਸ ਲਈ ਖਾਣ ਪੀਣ ਯਾ ਤਿਉਹਾਰ ਯਾ ਅਮੱਸਿਆ ਯਾ ਸੱਬਤਾਂ ਦੇ ਵਿਖੇ ਕੋਈ ਤੁਹਾਡੇ ਉੱਤੇ ਦੋਸ਼ ਨਾ ਲਾਵੇ। ਇਹ ਤਾਂ ਹੋਣ ਵਾਲੀਆਂ ਗੱਲਾਂ ਦਾ ਪਰਛਾਵਾਂ ਹਨ (ਕੁਲੁੱਸੀਆਂ 2:16, 17)।

ਮਸੀਹੀ ਆਦਮੀ ਕਿਸੇ ਨੂੰ ਵੀ ਆਪਣੇ ਖਾਣ, ਪੀਣ, ਪਰਬਾਂ, ਖ਼ਾਸ ਦਿਨਾਂ ਜਾਂ ਸੱਬਤ ਦੇ ਦਿਨਾਂ ਨੂੰ ਮਨਾਉਣ ਲਈ ਨਿਆਂ ਨਹੀਂ ਕਰਨ ਦੇਣਾ ਚਾਹੀਦਾ। ਇਨ੍ਹਾਂ ਸਭ ਨੂੰ ਮਨਾਉਣ ਦਾ ਸਾਡਾ ਕੰਮ ਯਿਸੂ ਨੇ ਸੂਲੀ ਚੜ੍ਹ ਕੇ ਮੁਕਾ ਦਿੱਤਾ ਹੈ। ਉਹ ਤਾਂ ਸਿਰਫ਼ ''ਸੁਰਗੀ ਵਸਤਾਂ ਦੇ ਨਮੂਨੇ ਅਤੇ ਪਰਛਾਵੇਂ'' (ਇਬਰਾਨੀਆਂ 8:5; ਵੇਖੋ 10:1) ਭਾਵ ਯਿਸੂ ਵੱਲੋਂ ਲਿਆਂਦੀਆਂ ਜਾਣ ਵਾਲੀਆਂ ਸੰਕੇਤਕ ਗੱਲਾਂ ਹੀ ਸਨ (ਕੁਲੁੱਸੀਆਂ 2:17; ਵੇਖੋ ਇਬਰਾਨੀਆਂ 9:9, 10)।

''ਵਿਧੀਆਂ'' (ਯੂ.: *dogmasin*) ਮਿਟਾ ਦਿੱਤੀਆਂ ਗਈਆਂ ਸਨ (ਅਫ਼ਸੀਆਂ 2:15), ਅਤੇ ਸੂਲੀ ਉੱਤੇ ਜੜ ਦਿੱਤੀਆਂ ਗਈਆਂ ਸਨ (ਕੁਲੁੱਸੀਆਂ 2:14)। ਇਨ੍ਹਾਂ ਨੂੰ ਫੇਰ ਤੋਂ ਲਾਗੂ ਕਰਨ ਦੀ ਕੋਸ਼ਿਸ਼ ਕਰਨ ਵਾਲੇ, ਇਨ੍ਹਾਂ ਨੂੰ ਪੂਰਾ ਕਰਕੇ ਧਰਮੀ ਬਣਨ ਦੀ ਤੱਕ ਵਿਚ ਸਨ, ਜਿਸ ਨਾਲ ਪੌਲੁਸ ਦੀ ਮਿਹਨਤ ਬੇਕਾਰ ਹੋ ਜਾਂਦੀ।

## ਸਾਰ

ਖ਼ੁਦਾ ਨੂੰ ਬਾਰ-ਬਾਰ ਯਹੂਦੀਆਂ ਨੂੰ ਯਾਦ ਦੁਆਉਣਾ ਪੈਂਦਾ ਸੀ ਕਿ ਉਹ ਸੱਬਤ ਦੇ ਦਿਨ ਕੰਮ ਨਾ ਕਰਨ। ਪਰ, ਸੱਬਤ ਵਾਲੇ ਦਿਨ ਬੰਦਗੀ ਜਾਂ ਕੰਮ ਕਰਨ ਬਾਰੇ ਮਸੀਹੀ ਲੋਕਾਂ ਨੂੰ ਇਕ

ਵੀ ਸ਼ਬਦ ਨਹੀਂ ਕਿਹਾ ਗਿਆ। ਗ਼ੈਰਕੌਮ ਲੋਕ ਤਾਂ ਅਜਿਹੇ ਪਿਛੋਕੜ ਚੋਂ ਸਨ ਜਿਨ੍ਹਾਂ ਨੂੰ ਸੱਬਤ ਨੂੰ ਮੰਨਣ ਵਾਲੀਆਂ ਗੱਲਾਂ ਦਾ ਪਤਾ ਨਹੀਂ ਸੀ, ਇਸ ਲਈ ਉਨ੍ਹਾਂ ਨੂੰ ਸੱਬਤ ਦੇ ਦਿਨ ਬੰਦਗੀ ਕਰਨ ਅਤੇ ਕੰਮ ਨਾ ਕਰਨ ਲਈ ਸਿਖਾਉਣਾ ਜ਼ਰੂਰੀ ਸੀ। ਇਹ ਤੱਥ ਕਿ ਨਵੇਂ ਨੇਮ ਵਿਚ ਕੋਈ ਅਜਿਹਾ ਹੁਕਮ ਨਹੀਂ ਦਿੱਤਾ ਗਿਆ ਇਸ ਗੱਲ ਦਾ ਸਬੂਤ ਹੈ ਕਿ ਆਰਾਮ ਦੇ ਦਿਨ ਦੇ ਰੂਪ ਵਿਚ ਹੋਵੇ ਜਾਂ ਬੰਦਗੀ ਦੇ ਦਿਨ ਦੇ ਰੂਪ ਵਿਚ, ਸੱਬਤ ਦਾ ਦਿਨ ਉਨ੍ਹਾਂ ਤੇ ਲਾਗੂ ਨਹੀਂ ਸੀ।

ਸੱਬਤ ਦਾ ਦਿਨ ਯਹੂਦੀਆਂ ਲਈ ਇਕ ਖ਼ਾਸ ਦਿਨ ਸੀ। ਉਸ ਦਿਨ ਉਨ੍ਹਾਂ ਨੇ ਕੋਈ ਕੰਮ ਨਹੀਂ ਕਰਨਾ ਹੁੰਦਾ ਸੀ, ਸਗੋਂ ਅਰਾਮ ਕਰਨਾ ਅਤੇ ਇਹ ਯਾਦ ਕਰਨਾ ਹੁੰਦਾ ਸੀ ਕਿ ਕਿਵੇਂ ਖ਼ੁਦਾ ਉਨ੍ਹਾਂ ਨੂੰ ਮਿਸਰ ਦੀ ਗ਼ੁਲਾਮੀ ਵਿੱਚੋਂ ਕੱਢ ਕੇ ਲਿਆਇਆ ਸੀ। ਇਹ ਖ਼ੁਦਾ ਅਤੇ ਇਸਰਾਏਲੀਆਂ ਦਰਮਿਆਨ ਇਕ ਨਿਸ਼ਾਨ ਅਤੇ ਨੇਮ ਸੀ। ਸੱਬਤ ਕਦੇ ਵੀ ਗ਼ੈਰਕੌਮਾਂ ਲਈ ਨਹੀਂ ਸੀ ਜਾਂ ਉਨ੍ਹਾਂ ਨੂੰ ਨਹੀਂ ਦਿੱਤਾ ਗਿਆ ਸੀ, ਨਾ ਮਸੀਹੀ ਲੋਕਾਂ ਨੂੰ ਕਦੇ ਇਸ ਨੂੰ ਮੰਨਣ ਦਾ ਹੁਕਮ ਸੀ। ਹੁਣ ਜਦ ਕਿ ਮਸੀਹ ਆ ਚੁੱਕਾ ਹੈ, ਮਸੀਹੀ ਲੋਕ ਯਿਸੂ ਨੂੰ ਯਾਦ ਕਰਨ ਅਤੇ ਇਹ ਕਿ ਉਸ ਨੇ ਕਿਵੇਂ ਆਪਣੀ ਮੌਤ ਅਤੇ ਮੁੜ ਜੀ ਉੱਠਣ ਦੇ ਰਾਹੀਂ ਉਨ੍ਹਾਂ ਨੂੰ ਮੌਤ 'ਚੋਂ ਕੱਢਿਆ ਹੈ, ਐਤਵਾਰ ਵਾਲੇ ਦਿਨ ਇਕੱਠੇ ਹੁੰਦੇ ਹਨ।

---

ਟਿੱਪਣੀਆਂ

[1]ਜੇ. ਡੀ. ਡਗਲਸ, ਸੰਪਾ., *ਦਿ ਨਿਊ ਇੰਟਰਨੈਸ਼ਨਲ ਡਿਕਸ਼ਨਰੀ ਆਫ਼ ਦ ਬਾਈਬਲ,* ਸਧਾ. ਅੰਕ. ਮੈਰਿਲ ਸੀ. ਟੈਨੀ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਰੀਜੈਂਸੀ ਰੈਫ਼ਰੈਂਸ ਲਾਇਬ੍ਰੇਰੀ, ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1987), **s.v.** ਸਟੀਵਨ ਬਰਬਸ ਦੇ ਲੇਖ ''ਸੱਬਥ'' ਹੇਠ। [2]ਯੂਹੰਨਾ 4ਃ19-22 ਵਿਚ ਖੂਹ 'ਤੇ ਸਾਮਰੀ ਔਰਤ ਨਾਲ ਯਿਸੂ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਯਹੂਦੀਆਂ ਨੂੰ ਖ਼ੁਦਾ ਦੀ ਮਰਜ਼ੀ ਦਾ ਪਤਾ ਸੀ ਕਿ ਬੰਦਗੀ ਦੀ ਥਾਂ ਯਰੂਸ਼ਲਮ ਹੀ ਸੀ। [3]ਜੈਕ. ਪੀ. ਲੂਈਸ, *ਦਿ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਾਰਟ 1, ਦਿ ਲਿਵਿੰਗ ਵਰਡ ਕਮੈਂਟਰੀ ਸੀਰੀਜ਼, ਸੰਪਾ. ਐਵਰੱਟ ਫ਼ਰਗਿਊਸਨ (ਆਸਟਿਨ ਟੈਕਸਸਃ ਸਵੀਟ ਪਬਲਿਸ਼ਿੰਗ ਕੰ., 1976), 171. [4]*ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇਨਸਾਈਕਲੋਪੀਡੀਆ,* ਸਧਾ. ਅੰਕ ਜੈਫ਼ਰੀ ਡਬਲਊ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰ., 1988) 4ਃ251 ਵਿਚ ਜੇ. ਸੀ. ਮੈਕੇਨ ਜੂਨੀਅਰ, ''ਸੱਬਥ।'' [5]*ਥਿਓਲੋਜੀਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ,* ਸੰਪਾ. ਗਰਹਰਡ ਕਿੱਟਲ ਅਤੇ ਗਰਹਰਡ ਫ੍ਰੈਡਰਿਕ ਅਨੁਵਾਦ ਅਤੇ ਸੋਧ ਜੈਫ਼ਰੀ ਡਬਲਊ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨਃ ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1985), 991 ਵਿਚ ਈ. ਲੋਹਸੇ **VII,** ***"sabbaton."*** [6]ਆਰ. ਸੀ. ਐੱਚ. ਲੈਂਸਕੀ, *ਦਿ ਇੰਟਰਪਰਿਟੇਸ਼ਨ ਆਫ਼ ਸੇਂਟ ਮੈਥਿਊ'ਜ਼* ਗੌਸਪਲ (ਮਿਨਿਆਪੁਲਿਸ, ਮਿਨੇਸੋਟਾਃ ਔਗਸਬਰਗ ਪਬਲਿਸ਼ਿੰਗ ਹਾਊਸ, 1943), 939-40. [7]ਡੀ. ਏ. ਕਾਰਸਨ. ਸੰਪਾ. *ਫ਼ਰਾਮ ਸੱਬਥ ਟੂ ਲਾਰਡ'ਜ਼ ਡੇਃ ਏ ਬਿਬਲੀਕਲ, ਹਿਸਟੌਰੀਕਲ, ਐਂਡ ਥਿਓਲੋਜੀਕਲ ਇਨਵੈਸਟੀਗੇਸ਼ਨ* (ਗ੍ਰੈਂਡ ਰੈਪਿਡਸ ਮਿਸ਼ਿਗਨਃ ਅਕੈਡਮੀ ਬੁਕਸ, ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1982), 73-74. [8]ਸ਼ਰ੍ਹਾ ਦੇ ਮਿਟਾਏ ਜਾਣ 'ਤੇ ਚਰਚਾ ਲਈ ਅਗਲਾ ਪਾਠ ਵੇਖੋ। [9]ਡੈਨੀਅਲ ਸੀ. ਅਰਿਖੇਆ ਜੂਨੀਅਰ ਅਤੇ ਯੂਜੀਨ ਏ. ਨੀਡਾ *ਏ ਟ੍ਰਾਂਸਲੇਟਰ'ਜ਼ ਹੈਂਡ ਬੁਕ ਆਨ ਪੌਲ'ਜ਼ ਲੈਟਰ ਟੂ ਗਲੇਸ਼ੀਅਨਜ* (ਨਿਊ ਯਾਰਕਃ ਯੂਨਾਈਟਡ ਬਾਈਬਲ ਸੋਸਾਇਟੀਜ਼, 1976), 97. [10]ਜੇਮਸ ਮੋਂਟਗੁਮਰੀ ਬੋਇਸ ਅਤੇ ਮੈਰਿਲ ਸੀ. ਟੈਨੀ. ਸੰਪਾ. *ਦਿ ਐਕਸਪੋਜ਼ਿਟਰ'ਸ ਬਾਈਬਲ ਕਮੈਂਟਰੀ,* ਜਿਲਦ 10, *ਰੋਮਨਜ਼-ਗਲੇਸ਼ੀਅਨਜ਼* ਸਧਾ. ਅੰਕ ਫ੍ਰੈਂਕ ਈ. ਗੋਬਲੇਨ (ਗ੍ਰੈਂਡ ਰੈਪਿਡਸ ਮਿਸ਼ਿਗਨਃ ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1976), 476.